ਮਾਸਕ ੧੯ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁ: ਸੀਸਗੰਜ ਸਾਹਿਬ, ਚਾਂਦਨੀ ਚੌਕ, ਦਿੱਲੀ

OCT 1993



ਅਕਤੂਬਰ ੧੯੯੩

ਅਖੰਡ ਕੀਰਤਨੀ ਜਥਿਆਂ ਵਲੋਂ ਦਿੱਲੀ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ

www.AKJ.Org

# ਤਤਕਰਾ


| | | |
|---|---|---|
| ਕਤਿਕ ਕਿਰਤੁ ਪਇਆ | ੩ | ਤੁਖਾਰੀ ਬਾਰਹਮਾਹਾ ਮ: ੧ |
| ——ਅਰਥ ਵਿਆਖਿਆ | ੪ | — — — |
| ਸੰਪਾਦਕੀ : ਸੰਪ੍ਰਦਾਇਕਤਾ ਪੰਥ ਲਈ ਮਾਰੂ ਖ਼ਤਰਾ | ੬ | — — — |
| ਕਰਮਾਂ ਉਪਰਿ ਨਿਬੇੜੇ | ੧੦ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਗਤੀ ਤੇ ਸ਼ਕਤੀ | ੧੭ | ਡਾਕਟਰ ਤਾਰਨ ਸਿੰਘ ਜੀ |
| ਹਰਿ ਦੀਬਾਣਹੁ ਕੋਈ ਕਿਥੈ ਜਾਇਆ ? | ੨੦ | ਸ: ਭਾਨ ਸਿੰਘ ਜੀ, M.A.LL.B. |
| ਸੋਨੇ ਦੀ ਚਿੜੀ—ਭਾ: ਸਾ: ਰਣਧੀਰ ਸਿੰਘ ਜੀ (੩) | ੨੫ | ਭਾਈ ਜੋਧ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨੦) | ੨੯ | — — — |
| ਪੰਜ ਗਿਆਨ ਇੰਦਰਿਆਂ ਦੇ ਬਿਸਮਾਦੀ ਕੌਤਕ | ੩੩ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਦੇ ਤੱਥ | ੩੮ | ਕੈਪਟਿਨ ਸਵਰਨ ਸਿੰਘ ਜੀ |
| ਸਰਬੱਤ ਖਾਲਸਾ | ੪੩ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਓ ਖ਼ਾਲਸਿਆ ਦਸਮੇਸ਼ ਦਿਆ ! (ਕਵਿਤਾ) | ੪੯ | ਬੀਬੀ ਜਸਪਾਲ ਕੌਰ ਜੀ |
| ਸਿਮਰਨ ਦੇ ਵਿਚ ਮਹਾਂ ਅਨੰਦ ( ,, ) | ੫੦ | ਸ: ਅਤਰ ਸਿੰਘ ਜੀ ਨੀਰ |


---

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨, ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ: ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯. ਮੋਗਾ —ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ

---

**ਭਾਈ ਦਲਜਿੰਦਰ ਸਿੰਘ ਜੀ ਪਟਿਆਲਾ ਨੇ 21–23 ਅਕਤੂਬਰ ਦਾ ਪ੍ਰੋਗਰਾਮ (ਦਿਲੀ ਸਮਾਗਮ ਕਾਰਨ) ਅਗੇ ਤੇ ਪਾ ਦਿਤਾ ਹੈ।**

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੦-੯੩ ਨੂੰ ਪ੍ਰਕਾਸ਼ਤ ਕੀਤਾ।



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ਼ ੬੦-੦੦

ਇਕ ਪਰਚਾ ੩-੦੦

ਪਰਦੇਸ (ਸਾਰੇ)

ਸਾਲਾਨਾ ਚੰਦਾ

ਸਮੁੰਦਰੀ ਡਾਕ ੮੦-੦੦

ਹਵਾਈ ਡਾਕ ੨੫੦-੦੦

Foreign Subscription

Sea Mail 80-00

Air Mail 250-00

ਅਮਾਨਤੀ

ਲਾਈਫ਼ ਮੈਂਬਰ

ਦੇਸ ੨੫੦-੦੦

ਪਰਦੇਸ

ਸਮੁੰਦਰੀ ਡਾਕ ੮੦੦-੦੦

ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਅਕਤੂਬਰ ੧੯੯੩ ਅੰਕ ੧੦

# ਕਤਿਕ ਕਿਰਤੁ ਪਇਆ

ਕਤਿਕ ਕਿਰਤੁ ਪਇਆ ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਨ ਮਰਸੀ ॥
ਨਾਮੁ ਭਗਤਿ ਦੇ ਨਿਜ ਪਾਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥

[ਤੁਖਾਰੀ ਬਾਰਹਮਾਹਾ ਮਹਲਾ ੧

ਕਿਰਤੁ—ਧੁਰ ਤੋਂ ਕੀਤੇ ਕਰਮਾਂ ਦਾ ਮੱਥੇ ਤੇ ਲਿਖਿਆ ਲੇਖ। ਜੋ ਪ੍ਰਭ ਭਾਇਆ—ਜਿਹੜਾ ਪ੍ਰਭੂ ਨੂੰ ਚੰਗਾ ਲਗ ਗਿਆ, ਜਿਸ ਤੇ ਪ੍ਰਭੂ ਦੀ ਬਖ਼ਸ਼ਸ਼ ਹੋ ਗਈ। ਦੀਪਕੁ—ਗਿਆਨ ਦਾ ਦੀਵਾ। ਤਤਿ—ਨਾਮ ਸਿਮਰਨ ਦੇ ਤੱਤ ਦੁਆਰਾ। ਧਨ—ਜੀਵ-ਇਸਤ੍ਰੀ ਦਾ। ਪਿਰ—ਵਾਹਿਗੁਰੂ ਪਤੀ ਦਾ। ਓਮਾਹੈ—ਖਿੜ ਜਾਂਦੀ ਹੈ। ਸਰਸੀ—ਰਸ-ਲੀਨ ਹੁੰਦੀ। ਅਵਗੁਣ ਮਾਰੀ—ਅਉਗੁਣਾਂ ਦੀ ਮਾਰੀ ਹੋਈ। ਮਰੈ—ਆਪਾ ਚੀਨਣ ਤੋਂ ਮਰ ਜਾਂਦੀ ਹੈ। ਨ ਸੀਝੈ—ਕਾਮਯਾਬ ਨਹੀਂ ਹੁੰਦੀ। ਗੁਣਿ ਮਾਰੀ—ਨਾਮ ਸਿਮਰਨ ਦੇ ਗੁਣ ਨਾਲ ਆਪਾ ਭਾਵ ਗੁਆ ਲੈਂਦੀ ਹੈ। ਨਿਜ ਘਰਿ ਬੈਠੇ—ਨਿਜ ਸਰੂਪ (ਉਚੀ ਆਤਮ ਅਵਸਥਾ) ਵਿਚ ਟਿਕ ਜਾਂਦੇ ਹਨ। ਕਪਟ ਦਰ ਖੋਲਹੁ—ਪਾਖੰਡ ਦੇ ਕਿਵਾੜ ਖੋਲ੍ਹੋ। ਖਟੁ ਮਾਸਾ—ਛੇ ਮਹੀਨੇ।



www.AKJ.Org

# ਅਰਥ ਵਿਆਖਿਆ

**ਅਰਥ :**

ਕਤਕ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ ਕਿ ਹਰੇਕ ਜੀਵ ਦੇ ਮੱਥੇ ਤੇ ਪੂਰਬਲੇ ਜਨਮ ਦਾ ਲੇਖ ਉਕਰਿਆ ਹੋਇਆ ਹੈ। ਪਰ ਜੋ ਪ੍ਰਾਣੀ ਪ੍ਰਭੂ ਨੂੰ ਚੰਗਾ ਲਗ ਗਿਆ (ਜਿਸ ਤੇ ਉਸ ਦੀ ਕਿਰਪਾ-ਦ੍ਰਿਸ਼ਟੀ ਹੋ ਗਈ, ਉਸ ਦਾ ਗੁਰ-ਦੀਖਿਆ ਪ੍ਰਾਪਤ ਹੋਣ ਨਾਲ) ਨਾਮ-ਸਿਮਰਨ ਦੇ ਤੱਤ ਦੁਆਰਾ ਗਿਆਨ ਦਾ ਦੀਵਾ ਸਹਜ ਰੰਗ ਵਿਚ ਬਲ ਪੈਂਦਾ ਹੈ।

ਨਾਮ-ਰਸ ਦੇ ਤੇਲ ਨਾਲ ਗਿਆਨ-ਦੀਪਕ ਦਾ ਉਜਾਲਾ ਹੋਇਆਂ ਜੀਵ-ਇਸਤ੍ਰੀ ਅਤੇ ਵਾਹਿਗੁਰੂ-ਪਤੀ ਦਾ ਮਿਲਾਪ ਹੋ ਜਾਂਦਾ ਹੈ, ਜਿਸ ਨਾਲ ਜੀਵ-ਇਸਤ੍ਰੀ ਰਸ-ਲੀਨ ਹੋਈ ਉਤਸ਼ਾਹ-ਉਮਾਹ ਭਰਪੂਰ ਹੋ ਜਾਂਦੀ ਹੈ।

ਕਈ ਤਰ੍ਹਾਂ ਦੇ ਅਉਗਣਾਂ, ਵਿਸ਼ੇ ਵਿਕਾਰਾਂ ਦੀ ਮਾਰੀ ਹੋਈ (ਭਾਵ, ਇਨ੍ਹਾਂ ਦੇ ਵਸ ਪਈ ਹੋਈ ਜੀਵ-ਇਸਤ੍ਰੀ ਆਪਾ-ਭਾਵ ਚੀਨਣ ਵਲੋਂ) ਮਰ ਜਾਂਦੀ ਹੈ ਅਤੇ (ਜੀਵਨ-ਪਦ ਪ੍ਰਾਪਤ ਕਰਨ ਵਿਚ) ਉਹ ਕਾਮਯਾਬ ਨਹੀਂ ਹੁੰਦੀ। ਪਰ ਨਾਮ-ਸਿਮਰਨ ਦੇ ਅੰਮ੍ਰਿਤ-ਗੁਣ ਦੁਆਰਾ ਜਦ ਆਪਾ ਗੁਆ ਲੈਂਦੀ ਹੈ ਤਾਂ ਉਹ (ਅਨੇਕ ਪ੍ਰਕਾਰੀ ਸੰਸਾਰੀ) ਅਉਗੁਣਾਂ ਵਿਚ ਨਹੀਂ ਫਸਦੀ।

(ਜਿਨ੍ਹਾਂ ਜੀਵ-ਇਸਤ੍ਰੀਆਂ ਨੂੰ ਵਾਹਿਗੁਰੂ) ਨਾਮ ਅਤੇ ਪ੍ਰੇਮਾ-ਭਗਤੀ ਬਖ਼ਸ਼ਦਾ ਹੈ, ਉਹ ਨਿਜ ਸਰੂਪ (ਉਚੀ ਆਤਮ ਅਵਸਥਾ) ਵਿਚ ਟਿਕ ਜਾਂਦੇ ਹਨ। (ਇਸ ਅਵਸਥਾ ਤਕ ਪੁਜ ਗਇਆਂ) ਅਜੇ ਵੀ (ਉਨ੍ਹਾਂ ਨੂੰ) ਵਾਹਿਗੁਰੂ ਜੀ ਦੇ ਦਰਸ-ਮਿਲਾਪ ਦੀ ਪਿਆਸਾ ਬਣੀ ਰਹਿੰਦੀ ਹੈ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਬਿਨੈ ਕਰਦੇ ਹਨ, ਹੇ ਵਾਹਿਗੁਰੂ ਜੀ! ਆਇ ਮਿਲੋ ਅਤੇ (ਜਨਮ-ਜਨਮਾਂਤਰਾਂ ਦੇ ਕੀਤੇ) ਪਾਖੰਡ-ਕਰਮਾਂ ਦੇ ਕਿਵਾੜ ਖੋਲ੍ਹ ਦਿਓ ਜੀ। (ਤੁਹਾਡਾ ਇਕ ਘੜੀ ਦਾ ਵਿਛੋੜਾ ਵੀ ਮੇਰੇ ਲਈ) ਛੇ ਮਹੀਨਿਆਂ ਬਰਾਬਰ ਹੋ ਰਿਹਾ ਹੈ।

**ਵਿਆਖਿਆ :**

ਸਤਿਗੁਰੂ ਜੀ ਕਤਕ ਮਹੀਨੇ ਦੁਆਰਾ ਇਸ ਸੰਸਾਰ ਤੇ ਵਿਚਰ ਰਹੇ ਜਗਿਆਸੂ ਨੂੰ ਸੋਝੀ ਦੇਂਦੇ ਹਨ ਕਿ ਹਰੇਕ ਜੀਵ ਦੇ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਦਾ ਲੇਖ ਮੱਥੇ ਤੇ ਉਕਰਿਆ ਹੁੰਦਾ ਹੈ ਅਤੇ ਉਸ ਲਿਖੇ ਲੇਖ ਅਨੁਸਾਰ ਹੀ ਜੀਵ ਇਸ ਸੰਸਾਰ ਵਿਚ ਆ ਕੇ ਕਰਮ ਕਮਾਂਦਾ ਹੈ। ਪਰ ਜਦੋਂ ਵਾਹਿਗੁਰੂ ਦੀ ਬਖ਼ਸ਼ਸ਼ ਹੁੰਦੀ ਹੈ, ਉਸ ਨੂੰ ਉਹ ਚੰਗਾ ਲਗ ਜਾਂਦਾ ਹੈ ਤਾਂ ਉਸ ਦਾ ਕੋਈ ਪ੍ਰਭੂ-ਮਿਲਾਪ ਦਾ ਕਿਰਤ-ਲੇਖ ਪ੍ਰਗਟ ਹੋ ਆਉਂਦਾ ਹੈ, ਤਦੋਂ ਸਤਿਗੁਰੂ ਦੀ ਬਖ਼ਸ਼ਸ਼ ਗੁਰ-ਦੀਖਿਆ ਦੁਆਰਾ ਅਗਿਆਨਤਾ ਦਾ ਅੰਧੇਰਾ ਮਿਟ ਜਾਂਦਾ ਹੈ ਅਤੇ ਨਾਮ-ਸਿਮਰਨ ਦੇ ਤੱਤ ਦੇ ਉਦੀਪਤ ਹੋਇਆਂ ਗੁਰ-ਗਿਆਨ ਦਾ ਦੀਵਾ ਪ੍ਰਕਾਸ਼ਮਾਨ ਹੋ ਜਾਂਦਾ ਹੈ, ਸਤਿਗੁਰੂ ਤੋਂ ਪ੍ਰਾਪਤ ਹੋਇਆ ਨਾਮ-ਸਿਮਰਨ ਰੰਗਾਂ ਵਿਚ ਪ੍ਰਜਵਲਤ ਹੋ ਜਾਂਦਾ ਹੈ, ਜੋਤਿ ਦਾ ਉਜਾਲਾ ਹੋ ਜਾਂਦਾ ਹੈ। ਗੁਰ-ਫ਼ੁਰਮਾਨ ਹੈ—

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯ੍ਯਾਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥੫॥ (ਪੰਨਾ ੧੩੫੦)

ਇਹ ਗਿਆਨ-ਦੀਪਕ ਨਾਮ ਹੈ ਅਤੇ ਇਸ ਵਿਚ ਤੇਲ ਵੀ ਨਾਮ ਦਾ ਹੀ ਹੈ, ਜਿਸ ਨਾਲ ਜੋਤਿ ਪ੍ਰਗਾਸਦੀ ਹੈ ਅਤੇ ਅੰਤਰ ਬਾਹਰ ਸਾਰੇ ਪਸਾਰੇ ਵਿਚ ਉਹੀ ਉਜਿਆਰੀ ਜੋਤਿ ਪਸਰੀ ਹੋਈ ਦਿਸ ਆਉਂਦੀ ਹੈ। ਗੁਰਬਾਣੀ ਸੇਧ ਦੇ ਰਹੀ ਹੈ—

www.AKJ.Org

ਨਾਮੁ ਤੇਰਾ ਦੀਵਾ, ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ ॥੨॥੩॥ (ਪੰਨਾ ੬੬੪) -

ਨਾਮ-ਅਭਿਆਸ ਦੇ ਇਸ ਅੰਮ੍ਰਿਤ-ਰਸ ਦੇ ਤੇਲ ਨਾਲ, ਨਾਮ ਦੀ ਬਤ੍ਰੀ ਪਾ ਕੇ, ਨਾਮ-ਦੀਵੇ ਦੀ ਜੋਤੀ ਜਗਾਇਆਂ, ਜਗਿਆਸੂ-ਇਸਤ੍ਰੀ ਦਾ ਵਾਹਿਗੁਰੂ-ਪਤੀ ਨਾਲ ਐਸਾ ਅਨੰਦੀ ਮਿਲਾਪ ਹੁੰਦਾ ਹੈ ਕਿ ਉਹ ਨਾਮ ਰਸ ਵਿਚ ਗੜੂੰਦ ਹੋ ਜਾਂਦੀ ਹੈ ਅਤੇ ਚਾਅ-ਉਮਾਹ ਦੇ ਖੇੜੇ ਖਿੜ ਜਾਂਦੇ ਹਨ। ਫਿਰ ਉਹ ਇਸ ਮਿਲਾਪ ਦੀ ਖੁਸ਼ੀ ਗੁਰਬਾਣੀ ਦੁਆਰਾ ਇਉਂ ਅਲਾਪਦੀ ਹੈ—

ਯਾਰ ਵੇ ਨਿਤ ਸੁਖ ਸੁਖੇਦੀ, ਸਾ ਮੈ ਪਾਈ ॥ ਵਰੁ ਲੋੜੀਦਾ ਆਇਆ, ਵਜੀ ਵਾਧਾਈ ॥
ਮਹਾ ਮੰਗਲੁ ਰਹਸੁ ਥੀਆ, ਪਿਰੁ ਦਇਆਲੁ ਸਦ ਨਵ-ਰੰਗੀਆ ॥
ਵਡਭਾਗਿ ਪਾਇਆ ਗੁਰਿ ਮਿਲਾਇਆ, ਸਾਧ ਕੈ ਸਤਸੰਗੀਆ ॥ (ਸਾਧ—ਸਤਿਗੁਰੂ)
ਆਸਾ ਮਨਸਾ ਸਗਲ ਪੂਰੀ, ਪ੍ਰਿਅ ਅੰਕਿ ਅੰਕੁ ਮਿਲਾਈ ॥
ਬਿਨਵੰਤਿ ਨਾਨਕ ਸੁਖ ਸੁਖੇਦੀ, ਸਾ ਮੈ ਗੁਰਿ ਮਿਲਿ ਪਾਈ ॥੪॥੧॥ (ਪੰਨਾ ੭੦੪)

ਜਿੰਨਾ ਚਿਰ ਇਹ ਜੀਵ-ਇਸਤ੍ਰੀ ਅਉਗੁਣਾਂ ਵਿਚ ਫਸੀ ਹੋਈ, ਗੁਰ-ਦੀਖਿਆ ਤੋਂ ਵਿਰਵੀ ਹੋਣ ਕਰਕੇ, ਨਿਜ-ਸਰੂਪ ਚੀਨਣ ਤੋਂ ਗੁਮਰਾਹ ਅਤੇ ਨਾਮ-ਸਿਮਰਨ ਤੋਂ ਘੁਥੀ ਰਹਿੰਦੀ ਹੈ, ਓਨਾ ਚਿਰ ਇਨ੍ਹਾਂ ਪਾਪ-ਕਰਮਾਂ ਵਿਚ ਉਲਝੀ ਹੋਈ ਆਤਮਕ ਜੀਵਨ ਵਲੋਂ ਮਰੀ ਰਹਿੰਦੀ ਹੈ ਅਤੇ ਪੂਰਬ ਤੋਂ ਲਿਖੇ ਲੇਖ ਅਨੁਸਾਰ ਧਨ ਤੇ ਜੁਆਨੀ ਦੇ ਮਦ ਵਿਚ ਸ਼ੁਭ ਗੁਣਾਂ ਦੀ ਕਾਰ ਨਹੀਂ ਕਮਾਂਦੀ, ਜਿਸ ਕਰਕੇ ਪ੍ਰਭੂ ਤੋਂ ਵਿਛੜੀ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਧਨਾਸਰੀ ਛੰਤ ਵਿਚ ਜੀਵ ਦੀ ਇਸ ਦਸ਼ਾ ਦਾ ਕਥਨ ਇਉਂ ਕਰਦੇ ਹਨ—

ਪਿਰ ਸੰਗਿ ਮੂਠੜੀਏ ਖਬਰਿ ਨਾ ਪਾਈਆ ਜੀਉ ॥
ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥
ਲੇਖੁ ਨ ਮਿਟਈ ਪੁਰਬਿ ਕਮਾਇਆ, ਕਿਆ ਜਾਣਾ ਕਿਆ ਹੋਸੀ ॥
ਗੁਣੀ ਅਚਾਰਿ ਨਹੀ ਰੰਗਿ ਰਾਤੀ, ਅਵਗੁਣ ਬਹਿ ਬਹਿ ਰੋਸੀ ॥
ਧਨੁ ਜੋਬਨ ਆਕ ਕੀ ਛਾਇਆ, ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠ ਵਿਛੁੰਨਿਆ ॥੧॥ (ਪੰਨਾ ੬੮੯)

ਪਰ ਜਦੋਂ ਜਗਿਆਸੂ ਦਾ ਕੋਈ ਪੂਰਬਲਾ ਕਰਮ ਉਦੇ ਹੋ ਆਉਂਦਾ ਹੈ ਅਤੇ ਸਤਿਗੁਰੂ ਤੋਂ ਨਾਮ-ਗੁਰ-ਮੰਤਰ ਲੈ ਕੇ, ਉਸ ਦੀ ਕਮਾਈ ਕਰਦਾ ਹੈ ਤਾਂ ਉਸ ਨਾਮ-ਸਿਮਰਨ ਨਾਲ ਉਸ ਦਾ ਅਗਿਆਨ-ਅੰਧੇਰਾ ਦੂਰ ਹੋ ਜਾਂਦਾ ਹੈ ਅਤੇ ਉਹ ਵਿਸ਼ੇ-ਵਿਕਾਰਾਂ ਤੇ ਅਨਿਕ ਪ੍ਰਕਾਰੀ ਅਉਗੁਣਾਂ ਦੀ ਇਸ ਮਾਰ ਤੋਂ ਬਚ ਜਾਂਦਾ ਹੈ। ਗੁਰ-ਫੁਰਮਾਨ ਹੈ—

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ (ਪੰਨਾ ੨੦੪)

ਅੰਤ ਵਿਚ ਦਸਿਆ ਹੈ ਕਿ ਜਿਨ੍ਹਾਂ ਨੂੰ ਸਤਿਗੁਰੂ ਤੋਂ ਨਾਮ-ਭਗਤੀ ਪ੍ਰਾਪਤ ਹੋ ਜਾਂਦੀ ਹੈ ਉਹ ਨਿਜ-ਆਤਮ-ਸੁਖ ਵਿਚ ਲੀਨ ਹੋਇ, ਸਦਾ ਪ੍ਰਭੂ-ਮਿਲਾਪ ਦੀ ਸਿਕ ਵਿਚ ਰਹਿੰਦੇ ਹਨ। ਤਾਂ ਤੇ ਇਹੋ ਅਰਦਾਸ ਕਰਨੀ ਸ਼ੋਭਦੀ ਹੈ ਕਿ ਹੇ ਵਾਹਿਗੁਰੂ ਜੀ, ਮੇਰੇ ਜਨਮਾਂ-ਜਨਮਾਂਤਰਾਂ ਦੇ ਹਉਮੈ ਤੇ ਪਾਖੰਡ ਦੇ ਕਿਵਾੜ ਦੂਰ ਕਰੋ ਜੀ ਅਤੇ ਮੈਨੂੰ ਆਪਣੇ ਨਾਲ ਮਿਲਾ ਲਵੋ ਜੀ; ਆਪ ਦਾ ਵਿਛੋੜਾ ਮੇਰੇ ਲਈ ਅਸਹਿ ਹੈ ਜੀ।


www.AKJ.Org

# ਸੰਪ੍ਰਦਾਇਕਤਾ ਪੰਥ ਲਈ ਮਾਰੂ ਖ਼ਤਰਾ

ਨੋਟ :—ਖਾਲਸਾ ਪੰਥ ਬੜੇ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ। ਇਸ ਨੂੰ ਅੰਦਰੋਂ ਬਾਹਰੋਂ ਢਾਹ ਲਗੀ ਪਈ ਹੈ।

ਅਗੇ ਸਿਆਸੀ ਤੌਰ ਤੇ ਇਹ ਕਈ ਸਿਆਸੀ ਗੁਟਾਂ ਵਿਚ ਵੰਡਿਆਂ ਪਿਆ ਹੈ, ਜਿਨ੍ਹਾਂ ਦੀ ਪਰਸਪਰ ਖਹਿ-ਮ-ਖਹਿ ਕਾਰਨ ਕੌਮ ਦੀ ਸੰਸਾਰ ਵਿਚ ਬੜੀ ਨਮੋਸ਼ੀ ਹੋ ਰਹੀ ਹੈ।

ਹੁਣ ਧਾਰਮਿਕ ਤੌਰ ਤੇ ਸੰਪਰਦਾਇਕ ਰੁਚੀਆਂ ਪ੍ਰਬਲ ਹੋ ਰਹੀਆਂ ਹਨ, ਜੋ ਚਿੰਤਾ-ਜਨਕ ਹਨ।

'ਏਕਤਾ' ਅਤੇ 'ਪਰਸਪਰ' ਸਹਿ-ਹੋਂਦ' ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਪੰਥਕ-ਮਿਲਾਉਣੀ ਅਤੇ ਸ੍ਵੈ-ਸਮਰਪਣ ਦੀ ਭਾਵਨਾ ਅਧੀਨ ਅਖੰਡ ਕੀਰਤਨੀ ਜਥੇ ਨੂੰ ਹੇਠ ਲਿਖਿਆ ਸਪੱਸ਼ਟੀਕਰਣ ਦਿਤੇ ਜਾਣ ਦੀ ਲੋੜ ਪਈ ਹੈ। [ਸੰਪਾਦਕ

### ਗੁਰਬਾਣੀ ਕੀਰਤਨ ਪ੍ਰਥਾ—

ਗੁਰਬਾਣੀ ਅਨਭਵੀ-ਗਿਆਨ ਹੋਣ ਕਾਰਨ ਅੰਮ੍ਰਿਤ-ਕਲਾ ਸੰਪੰਨ ਹੈ। ਇਸ ਨੂੰ ਸ਼ਰਧਾ-ਭਾਵਨਾ ਅਤੇ ਪ੍ਰੇਮ ਨਾਲ ਗਾਇਨ ਕਰਨ 'ਤੇ ਅੰਮ੍ਰਿਤ-ਕਲਾ ਵਰਤਦੀ ਹੈ। ਇਸੇ ਲਈ ਗੁਰਬਾਣੀ-ਕੀਰਤਨ ਨੂੰ ਸਿਰਿ-ਕਰਮਨ ਕੈ ਕਰਮਾ' ਕਰਕੇ ਵਰਨਾਇਆ ਗਿਆ ਹੈ। ਗੁਰਮਤਿ ਅਨੁਸਾਰ, ਕਲਜੁਗ ਵਿਚ ਪ੍ਰਭੂ-ਪ੍ਰਾਪਤੀ ਦਾ ਇਹ ਸਿਰਮੌਰ ਸਾਧਨ ਗਿਣਿਆ ਗਿਆ ਹੈ। ਗੁਰਬਾਣੀ-ਕੀਰਤਨ ਦੀ ਪ੍ਰਥਾ ਸਿਖ ਧਰਮ ਦੇ ਸੰਚਾਲਿਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਈ। ਭਾਈ ਮਰਦਾਨਾ ਰਬਾਬੀ ਨੂੰ ਜੀਵਨ ਦਾ ਸਾਥੀ ਬਣਾ ਕੇ ਗੁਰਬਾਣੀ-ਗਾਇਨ ਦੁਆਰਾ ਰੱਬੀ ਸੁਨੇਹਾ ਸਮੁੱਚੀ ਮਨੁੱਖਤਾ ਨੂੰ ਦਿਤਾ ਅਤੇ ਇਸ ਦੇ ਨਿਰੰਤਰ ਪ੍ਰਵਾਹ ਲਈ ਥਾਉਂ ਥਾਈਂ ਸੰਗਤਾਂ ਅਤੇ ਧਰਮ-ਸਾਲਾਂ ਦੀ ਸਥਾਪਨਾ ਕੀਤੀ।

### ਸੰਗਤੀ ਕੀਰਤਨ ਦੀ ਪ੍ਰਥਾ—

ਜਦੋਂ ਖ਼ਾਨਦਾਨੀ ਅਤੇ ਪੇਸ਼ਾਵਰ ਰਬਾਬੀਆਂ ਨੇ ਗੁਰਬਾਣੀ-ਕੀਰਤਨ ਦੇ ਦੈਵੀ-ਕਰਮ ਦੀ ਅਧਿਆਤਮਿਕ ਮਹੱਤਤਾ ਨੂੰ ਅੱਖੋਂ ਓਹਲੇ ਕਰ ਕੇ ਇਸ ਨੂੰ ਕੇਵਲ ਗ਼ਰਜ਼-ਪੂਰਤੀ ਦਾ ਸਾਧਨ ਬਣਾ ਲਿਆ, ਸਗੋਂ ਨਿਜੀ-ਗ਼ਰਜ਼ ਅਤੇ ਹਉਮੈ-ਹੰਕਾਰ ਦੇ ਲੋਰ ਵਿਚ ਅੰਨ੍ਹੇ ਹੋ ਕੇ, ਗੁਰੂ ਘਰ ਵਿਚ ਕੀਰਤਨ ਕਰਨ ਤੋਂ ਆਕੀ ਹੋ ਬੈਠੇ ਤਾਂ ਬਾਣੀ ਦੇ ਬੋਹਿਥਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਲ ਮਿਲ ਕੇ ਪ੍ਰੇਮ ਨਾਲ ਕੀਰਤਨ ਕਰਨ ਦੀ ਦਾਤਿ ਸਿਖ-ਸੰਗਤਾਂ ਦੀ ਝੋਲੀ ਪਾਈ। ਇਉਂ ਪ੍ਰੇਮੀ ਜਥਿਆਂ ਵਲੋਂ ਨਿਸ਼ਕਾਮ ਭਾਵਨਾ ਨਾਲ ਸੰਗਤੀ ਕੀਰਤਨ ਦੀ ਪ੍ਰਥਾ ਚਾਲੂ ਹੋਈ, ਜੋ ਸਦੀਆਂ ਤੋਂ ਨਿਰੰਤਰ ਚਲੀ ਆ ਰਹੀ ਹੈ।

ਵੀਹਵੀਂ ਸਦੀ ਦੇ ਅਰੰਭ ਵਿਚ ਗੁਰਬਾਣੀ-ਕੀਰਤਨ ਦੇ ਸਟਾਈਲ ਵਿਚ ਕੁਝ ਤਬਦੀਲੀ ਆਈ। ਉਹ ਇਹ ਕਿ ਕੀਰਤਨ ਵਿਚ ਬਾਹਰਲੀਆਂ ਪੰਗਤੀਆਂ/ਧਾਰਨਾਂ ਦੀ ਟੇਕ ਲੈਣ ਦੀ ਪ੍ਰਪਾਟੀ ਚਲ ਪਈ। ਗੁਰਬਾਣੀ ਦੇ ਰਸਿਕ ਸ਼ਰਧਾਲੂਆਂ ਨੂੰ ਇਹ ਨਵੀਂ ਰੀਤਿ ਰੜਕਦੀ ਸੀ, ਇਸ ਲਈ ਉਹਨਾਂ ਦੇ ਉਪਰਾਲਿਆਂ ਸਦਕਾ ਨਿਰੋਲ ਕੀਰਤਨ ਦੀ ਪੁਰਾਣੀ ਪ੍ਰਥਾ ਸੁਰਜੀਤ ਹੋ ਗਈ।

### ਭਾਈ ਰਣਧੀਰ ਸਿੰਘ ਜੀ ਦੀ ਦੇਣ—

ਏਸੇ ਸਮੇਂ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਦੇ ਇਕ ਰੱਜੇ-ਪੁਜੇ ਸਿਖ ਘਰਾਣੇ ਦਾ ਪੜ੍ਹਿਆ ਲਿਖਿਆ ਹੋਨਹਾਰ ਫ਼ਰਜ਼ੰਦ ਬਸੰਤ ਸਿੰਘ ੧੪ ਜੂਨ ੧੯੦੩ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਸਿੰਘ ਸਜ ਗਿਆ। ਗੁਰੂ-ਘਰ ਵਿਚ ਨਵ-ਜੀਵਨ ਹੋਣ ਤੇ ਗੁਰੂ ਦੁਆਰਿਓਂ ਉਸ ਨੂੰ ਰਣਧੀਰ ਸਿੰਘ ਦੇ ਨਾਮ ਦੀ ਬਖ਼ਸ਼ਸ਼ ਹੋਈ। ਅੰਮ੍ਰਿਤ ਛਕਣ ਸਾਰ ਅੰਮ੍ਰਿਤ-ਕਲਾ ਭਾਈ ਰਣਧੀਰ ਸਿੰਘ ਦੇ ਰਗੋ ਰੇਸ਼ੇ ਵਿਚ ਪ੍ਰਵੇਸ਼ ਕਰ ਗਈ।


www.AKJ.Org

ਨਾਮ-ਬਾਣੀ ਦੀ ਅਤੁਟ ਘਾਲ ਕਮਾਈ ਸਦਕਾ ਹਿਰਦੇ ਵਿਚ ਪੂਰਨ ਜੋਤਿ ਦਾ ਪ੍ਰਕਾਸ਼ ਹੋ ਗਿਆ। ਭਾਈ ਰਣਧੀਰ ਸਿੰਘ ਜੀ ਨੇ ੧੯੧੦ ਤੋਂ ਆਤਮ-ਤ੍ਰਿਪਤੀ ਲਈ ਗੁਰਬਾਣੀ-ਕੀਰਤਨ ਦਾ ਸਰਬ-ਸ੍ਰੇਸ਼ਟ ਸਾਧਨ ਅਪਣਾਇਆ। ਕੀਰਤਨ ਕਰਦਿਆਂ ਕੀਰਤਨ-ਰਸ ਵਿਚ ਗੜੂੰਦ ਹੋ ਕੇ, ਆਪ ਨੂੰ ਸਰੀਰਕ ਸੁਧ ਬੁਧ ਵਿਸਰ ਜਾਂਦੀ ਤੇ ਘੰਟਿਆਂ ਬਧੀ ਇਕੋ ਚੌਂਕੜੇ ਅਖੰਡ ਆਸਣ ਜਮਾ ਕੇ ਕੀਰਤਨ ਕਰੀ ਜਾਂਦੇ। ਕਈ ਵਾਰੀ ਰੈਣ-ਸਬਾਈ ਤੇ ਦਿਨਸ-ਸੁਹੇਲਾ ਇਕੋ ਆਸਣ ਕੀਰਤਨ-ਅਖਾੜੇ ਵਿਚ ਸਜਿਆਂ ਬਤੀਤ ਹੋ ਜਾਂਦੇ।

ਸੁਰਤਿ ਜੋੜ ਕੇ ਪ੍ਰੇਮ ਸਹਿਤ ਗੁਰਬਾਣੀ-ਕੀਰਤਨ ਦੀ ਅਜਿਹੀ ਪਾਰਸ ਕਲਾ ਵਰਤੀ ਕਿ ਅੰਦਰ ਨਾਮ ਦਾ ਖੇੜਾ ਖਿੜ ਪਿਆ, ਅੰਦਰਲਾ ਸੁਗੰਧਤ ਹੋ ਉਠਿਆ ਤੇ ਇਹ ਸੁਗੰਧੀ ਆਲੇ ਦੁਆਲੇ ਪਸਰ ਗਈ। ਹੌਲੀ ਹੌਲੀ ਗੁਰਬਾਣੀ-ਕੀਰਤਨ ਅਤੇ ਖਾਲਸਾ-ਰਹਿਤ ਦੇ ਆਸ਼ਕ ਹੰਸਲੇ ਗੁਰਸਿਖ ਨਾਲ ਰਲਦੇ ਗਏ ਤੇ ਇਸ ਤਰ੍ਹਾਂ ਨਿਸ਼ਕਾਮ ਕੀਰਤਨ ਕਰਨ ਵਾਲਿਆਂ ਦਾ ਪ੍ਰੇਮ-ਅਖਾੜਾ ਬਣ ਗਿਆ, ਜੋ ਸਮਾਂ ਪਾ ਕੇ ਅਖੰਡ ਕੀਰਤਨੀ ਜਥੇ ਦਾ ਰੂਪ ਧਾਰਨ ਕਰ ਗਿਆ।

ਭਾਈ ਰਣਧੀਰ ਸਿੰਘ ਜੀ ਅੰਦਰ ਖਾਲਸਈ ਜਜ਼ਬਾ ਠਾਠਾਂ ਮਾਰਦਾ ਸੀ। ਇਸ ਲਈ ਆਪ ਦਾ ਸਾਰਾ ਸਮਾਂ ਅਤੇ ਸਾਰੀ ਸ਼ਕਤੀ ਪੰਥ ਦੀ ਚੜ੍ਹਦੀ ਕਲਾ ਲਈ ਹੀ ਲਗਦੀ ਰਹੀ। ੧੯੧੪ ਵਿਚ ਜਦੋਂ ਅੰਗਰੇਜ਼ੀ ਸਰਕਾਰ ਨੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੀ ਕੰਧ ਢਾਹੀ ਤਾਂ ਪੰਥ ਵਿਚ ਹਲਚਲ ਮਚ ਗਈ। ਭਾਈ ਰਣਧੀਰ ਸਿੰਘ ਜੀ ਨੇ ਆਪਣੇ ਸੰਗੀ ਸਾਥੀ ਕੀਰਤਨੀ ਜਥਿਆਂ ਦਾ ਸ਼ਹੀਦੀ ਜਥਾ ਬਣਾ ਕੇ ਮੋਰਚਾ ਲਾਉਣ ਦਾ ਐਲਾਨ ਕਰ ਦਿਤਾ, ਜਿਸ ਦੇ ਫਲ-ਸਰੂਪ ਮਜਬੂਰ ਹੋ ਕੇ ਸਰਕਾਰ ਨੂੰ ਕੰਧ ਦੋਬਾਰਾ ਉਸਾਰਨੀ ਪਈ।

ਪੰਥਕ ਸਰਗਰਮੀਆਂ ਅਤੇ ਦੇਸ਼-ਅਜ਼ਾਦੀ ਲਈ ਜਦੋ ਜਹਿਦ ਦੇ ਕਾਰਨ ਜਪੀ ਤਪੀ ਅਤੇ ਸੂਰਬੀਰ ਰਣਧੀਰ ਸਿੰਘ ਅੰਗਰੇਜ਼ੀ ਸਰਕਾਰ ਦੀਆਂ ਅੱਖਾਂ ਵਿਚ ਰੜਕਦਾ ਸੀ। ਸੋ ੧੯੧੪-੧੫ ਵਿਚ ਸਰਕਾਰ ਵਲੋਂ ਆਪ ਜੀ ਦੇ ਵਿਰੁਧ ਲਾਹੌਰ ਸਾਜ਼ਸ਼ ਕੇਸ ਬਣਾ ਕੇ ਉਮਰ-ਕੈਦ ਅਤੇ ਜਾਇਦਾਦ-ਜ਼ਬਤੀ ਦੀ ਸਜ਼ਾ ਦਿਤੀ ਗਈ।

ਜੇਲ੍ਹ-ਯਾਤਰਾ ਦੇ ਬਿਖਮ ਹਾਲਾਤ ਵਿਚ ਆਪ ਜੀ ਨੇ ਫਾਕੇ ਕੜਾਕੇ ਝਲ ਕੇ ਖਾਲਸਾ ਰਹਿਤ ਨੂੰ ਜਿਸ ਦ੍ਰਿੜ੍ਹਤਾ ਅਤੇ ਸਿਦਕ ਨਾਲ ਨਿਭਾਇਆ, ਉਸ ਤੋਂ ਕਈ ਗੁਰਸਿਖ ਜਗਿਆਸੂਆਂ ਨੂੰ ਸਿੱਖੀ ਕਮਾਉਣ ਦੀ ਜਾਗ ਲਗੀ ਤੇ ਖ਼ਾਲਸਾ ਫੁਲਵਾੜੀ ਵਿਚ ਨਵੀਂ ਟਹਿਕ ਮਹਿਕ ਆਈ। ਸਮੁੱਚੇ ਖਾਲਸਾ ਪੰਥ ਵਲੋਂ ੧ ਫਰਵਰੀ ੧੯੨੩ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਨਮਿਤ ਅਰਦਾਸ-ਦਿਵਸ ਮਨਾਇਆ ਗਿਆ, ਜਿਸ ਵਿਚ ਥਾਉਂ ਥਾਈਂ ਅਰਦਾਸਾ ਕੀਤਾ ਗਿਆ ਕਿ ਆਪ ਜੀ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭੇ।

ਜੇਲ੍ਹ ਤੋਂ ਰਿਹਾਈ ਮਗਰੋਂ, ਆਪ ਜੀ ਦੀ ਖ਼ਾਲਸਾ-ਰਹਿਤ ਪ੍ਰਤੀ ਅਡੋਲ ਦ੍ਰਿੜ੍ਹਤਾ ਅਤੇ ਨਿਸ਼ਕਾਮ ਕੁਰਬਾਨੀ ਦੀ ਪ੍ਰਸੰਸਾ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ੧੫-੯-੧੯੩੧ ਨੂੰ ਅਤੇ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਵਲੋਂ ਮਿਤੀ ੨੫-੩-੧੯੪੦ ਨੂੰ ਵਖ ਵਖ ਹੁਕਮਨਾਮਿਆਂ ਦੀ ਬਖ਼ਸ਼ਸ਼ ਹੋਈ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਲੋਂ ਸਿਰੀ ਸਾਹਿਬ ਪ੍ਰਦਾਨ ਕੀਤੀ ਗਈ।

ਆਪ ਜੀ ਦਾ ਸਮੁੱਚਾ ਜੀਵਨ ਗੁਰਬਾਣੀ ਦੇ ਅਖੰਡ ਕੀਰਤਨ, ਅਖੰਡ ਪਾਠ ਅਤੇ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਵਿਚਰਦਿਆਂ ਬਤੀਤ ਹੋਇਆ। ਗੁਰਮਤਿ ਦੇ ਵਖ ਵਖ ਵਿਸ਼ਿਆਂ ਸੰਬੰਧੀ ਆਪ ਜੀ ਵਲੋਂ ਚਾਲੀ ਦੇ ਕਰੀਬ ਪੁਸਤਕਾਂ ਅਤੇ ਟ੍ਰੈਕਟਾਂ ਦੀ ਰਚਨਾ ਕੀਤੀ ਗਈ।

ਅਪ੍ਰੈਲ ੧੯੬੧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਗੁਰ-ਪੁਰੀ ਪਿਆਨਾ ਕੀਤਾ। ਉਹਨਾਂ ਦੇ ਸਸਕਾਰ ਉਪ੍ਰੰਤ ਜਦੋਂ ਉਸ ਵੇਲੇ ਦੇ ਮੁਖ ਮੰਤਰੀ ਸ: ਪਰਤਾਪ ਸਿੰਘ ਕੈਰੋਂ ਨੇ ਬਾਬੂ ਮੱਲ ਸਿੰਘ ਜੀ ਨੂੰ ਭਾਈ ਸਾਹਿਬ ਦੇ ਜਾਨਸ਼ੀਨ ਕਹਿ ਕੇ ਹਾਰ ਪਾਉਣਾ ਚਾਹਿਆ ਤਾਂ ਬਾਬੂ ਮੱਲ ਸਿੰਘ ਜੀ ਨੇ ਭਰੀ ਸਭਾ ਵਿਚ ਐਲਾਨ ਕੀਤਾਂ ਕਿ ਅਖੰਡ ਕੀਰਤਨੀ ਜਥਾ ਪੰਥ ਦਾ ਨਿਮਾਣਾ ਜਿਹਾ ਅੰਗ ਹੈ, ਇਹ ਕੋਈ ਵਖਰੀ ਸੰਪਰਦਾ ਨਹੀਂ ਤੇ


www.AKJ.Org

ਅਗੋਂ ਵੀ ਇਹ ਸੰਸਥਾ ਕਿਸੇ ਸੰਪਰਦਾ ਵਜੋਂ ਨਹੀਂ ਵਿਚਰੇਗੀ। ਉਹਨਾਂ ਦੇ ਗੁਰ-ਪੁਰੀ ਪਿਆਨੇ ਮਗਰੋਂ ਅਖੰਡ ਕੀਰਤਨੀ ਜਥਾ ਉਹਨਾਂ ਵਲੋਂ ਅਰੰਭੀ ਸੇਵਾ ਲਗਨ ਅਤੇ ਉਤਸ਼ਾਹ ਨਾਲ ਨਿਭਾਅ ਰਿਹਾ ਹੈ।

**ਅਖੰਡ ਕੀਰਤਨੀ ਜਥਾ–**

ਅਖੰਡ ਕੀਰਤਨੀ ਜਥਾ ਅੰਮ੍ਰਿਤਧਾਰੀ ਰਹਿਤਵਾਨ ਗੁਰਸਿੱਖਾਂ ਦੀ ਅੰਤਰ-ਰਾਸ਼ਟ੍ਰੀ ਜਥੇਬੰਦੀ ਹੈ। ਇਸ ਦੇ ਮੈਂਬਰ ਧਰਮ ਦੀ ਕਿਰਤ ਵਿਰਤ ਕਰਦਿਆਂ ਹੋਇਆਂ ਨਿਸ਼ਕਾਮ ਭਾਵਨਾ ਨਾਲ ਗੁਰਬਾਣੀ-ਕੀਰਤਨ ਕਰ ਕੇ ਆਤਮ-ਤ੍ਰਿਪਤੀ ਕਰਦੇ ਅਤੇ ਪੰਥਕ-ਪਰਵਾਰ ਦੀ ਸੇਵਾ ਕਰਦੇ ਹੋਏ ਆਪਣੇ ਧੰਨ ਭਾਗ ਜਾਣਦੇ ਹਨ।

ਕੁਝ ਕੁ ਵਿਸ਼ੇਸ਼ਤਾਈਆਂ, ਜਿਨ੍ਹਾਂ ਸਦਕਾ ਇਹ ਜਥਾ ਸਿਖ ਸੰਗਤਾਂ ਦੇ ਪਿਆਰ ਸਤਿਕਾਰ ਅਤੇ ਸਹਿਯੋਗ ਦਾ ਪਾਤਰ ਬਣ ਸਕਿਆ ਹੈ, ਇਸ ਪ੍ਰਕਾਰ ਹਨ :–

੧–ਜਥੇ ਦੇ ਸਾਰੇ ਮੈਂਬਰ (ਸਿੰਘ ਸਿੰਘਣੀਆਂ) ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਗੁਰਸਿਖ ਹਨ।

੨–ਇਹ ਧਰਮ ਦੀ ਕਿਰਤ ਵਿਰਤ ਕਰ ਕੇ ਜੀਵਨ-ਨਿਰਬਾਹ ਕਰਦੇ ਹਨ।

੩–ਗੁਰਬਾਣੀ-ਕੀਰਤਨ ਇਹਨਾਂ ਦੀ ਉਪਜੀਵਕਾ ਦਾ ਵਸੀਲਾ ਨਹੀਂ, ਸਗੋਂ ਆਤਮ-ਤ੍ਰਿਪਤੀ ਅਤੇ ਪੰਥ-ਸੇਵਾ ਦਾ ਸਾਧਨ ਹੈ।

੪–ਗੁਰਬਾਣੀ-ਕੀਰਤਨ ਵਿਚਕਾਰ ਕੋਈ ਲੈਕਚਰਬਾਜ਼ੀ ਨਹੀਂ ਹੁੰਦੀ, ਨਿਰੋਲ ਕੀਰਤਨ ਦਾ ਅਖੰਡ ਪ੍ਰਵਾਹ ਚਲਦਾ ਹੈ।

੫–ਕੀਰਤਨ-ਸੇਵਾ ਵਿਚ ਸਿੰਘਣੀਆਂ ਬਰਾਬਰ ਭਾਗ ਲੈਂਦੀਆਂ ਹਨ।

੬–ਅਖੰਡ ਕੀਰਤਨੀ ਜਥੇ ਦੀਆਂ ਸਿੰਘਣੀਆਂ ਖਾਲਸਈ ਸਰੂਪ ਵਿਚ ਵਿਚਰਦੀਆਂ ਹਨ। ਉਹਨਾਂ ਦੇ ਦਸਮ ਦੁਆਰ ਉਤੇ ਕੇਸਾਂ ਦਾ ਜੂੜਾ ਖਾਲਸਈ ਤਾਜ 'ਕੇਸਕੀ' ਸਹਿਤ ਸਸ਼ੋਭਤ ਹੁੰਦਾ ਹੈ।

੭–ਜਥੇ ਦੇ ਸਿੰਘ ਜੀਵਨ ਵਿਚ ਪ੍ਰਕਾਸ਼ ਦਾੜ੍ਹੇ ਸਹਿਤ ਵਿਚਰਦੇ ਹਨ।

੮–ਖਾਣ ਪੀਣ ਵਿਚ ਸੁੱਚ ਸੰਜਮ ਦਾ ਵਿਸ਼ੇਸ਼ ਧਿਆਨ ਰਖਿਆ ਜਾਂਦਾ ਹੈ।

੯–ਗੁਰੂ ਕਾ ਲੰਗਰ ਸਜਾਉਣ ਅਤੇ ਵਰਤਾਉਣ ਆਦਿ ਵਿਚ ਕੇਵਲ ਅੰਮ੍ਰਿਤ-ਧਾਰੀ ਸਿੰਘ ਸਿੰਘਣੀਆਂ ਹੀ ਭਾਗ ਲੈ ਸਕਦੇ ਹਨ।

੧੦–ਅੰਮ੍ਰਿਤ ਵੇਲੇ ਦੀ ਸੰਭਾਲ, ਨਿਤਾਪ੍ਰਤਿ ਸੁਕੇਸ਼-ਇਸ਼ਨਾਨ ਅਤੇ ਨਾਮ-ਅਭਿਆਸ ਉਤੇ ਕਰੜਾਈ ਨਾਲ ਪਹਿਰਾ ਦਿਤਾ ਜਾਂਦਾ ਹੈ।

੧੧–ਨਿਤਾਪ੍ਰਤਿ ਅੰਮ੍ਰਿਤ ਵੇਲੇ ਪੰਜ ਅੰਮ੍ਰਿਤ-ਬਾਣੀਆਂ, ਸ਼ਾਮ ਨੂੰ ਸੋਦਰ ਰਹਿਰਾਸ ਅਤੇ ਬਿਰਾਜਣ ਵੇਲੇ ਸੋਹਿਲੇ ਦਾ ਨਿਤਨੇਮ ਲਾਜ਼ਮੀ ਹੈ।

ਅਖੰਡ ਕੀਰਤਨੀ ਜਥੇ ਦੀਆਂ ਕੁਝ ਕੁ ਵਿਸ਼ੇਸ਼ਤਾਈਆਂ ਜੋ ਓਪਰੇ ਤੌਰ ਤੇ ਵੇਖਿਆਂ ਵਖਰੇਵਾਂ ਜਾਪਦੀਆਂ ਹਨ, ਉਹਨਾਂ ਬਾਰੇ ਸਪੱਸ਼ਟ ਕਰਨਾ ਜ਼ਰੂਰੀ ਹੈ :–

**੧. ਕੇਸਕੀ–**

'ਕੇਸਕੀ' ਖਾਲਸਾ-ਰਹਿਤ ਦਾ ਅਨਿਖੜਵਾਂ ਅੰਗ ਹੈ। ਖਾਲਸਾ ਰਹਿਤ ਹਰੇਕ ਅੰਮ੍ਰਿਤ-ਧਾਰੀ ਵਿਅਕਤੀ ਲਈ ਸਿੰਘ ਹੋਵੇ ਜਾਂ ਸਿੰਘਣੀ, ਇਕ-ਸਾਰ ਹੈ। 'ਕੇਸਕੀ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਨੂੰ ਬਖ਼ਸ਼ਿਆ ਤਾਜ ਹੈ। ਇਸ ਅਮੋਲਕ ਦਾਤਿ ਤੋਂ ਸਿੰਘਣੀ-ਸ਼੍ਰੇਣੀ ਨੂੰ ਵਾਂਜਿਆਂ ਰਖਣਾ ਉਸ ਨਾਲ ਸਰਾਸਰ ਧੱਕਾ ਹੈ, ਇਹ ਵਖਰੀ ਗੱਲ ਹੈ ਕਿ ਫ਼ੈਸ਼ਨ ਦੇ ਰੋੜ੍ਹ ਵਿਚ ਨੰਗੇਜ ਅਤੇ ਨਿਰਲਜਤਾ ਦੀਆਂ ਸ਼ਿਕਾਰ ਹੋਈਆਂ ਕੁਝ ਕੁ ਸਿਖ ਬੀਬੀਆਂ ਆਪ ਇਸ ਲਈ ਜ਼ਿੰਮੇਵਾਰ ਹਨ।


www.AKJ.Org

ਗੁਰਬਾਣੀ, ਸਿਖ ਇਤਿਹਾਸ, ਸਿਖ ਰਵਾਇਤ ਅਤੇ ਰਹਿਤਨਾਮੇ ਕੇਸਕੀ ਦੇ ਖਾਲਸਾ ਰਹਿਤ ਹੋਣ ਦੀ ਸ਼ਾਖ ਭਰਦੇ ਹਨ। ਗੁਰਦੁਆਰਾ ਸੁਧਾਰ ਲਹਿਰ ਤੋਂ ਮਗਰੋਂ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਸਿਖ ਬੀਬੀਆਂ ਨੂੰ ਕੇਸਕੀ-ਰਹਿਤ ਦ੍ਰਿੜ੍ਹ ਕਰਵਾਈ ਜਾਂਦੀ ਰਹੀ। ਇਸ ਵਿਚ ਢਿਲ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੀ ਜਥੇਦਾਰੀ ਸਮੇਂ ਵਾਪਰੀ।

ਕੁਝ ਕੁ ਵੀਰ ਕੇਸਕੀ ਰਹਿਤ ਨੂੰ ਅਖੰਡ ਕੀਰਤਨੀ ਜਥੇ ਦੀ ਉਪਜ ਦਸਦੇ ਹਨ। ਇਹ ਇਕ ਵੱਡੀ ਭੁਲ ਹੈ। ਕੇਸਕੀ-ਰਹਿਤ ਪੁਰਾਤਨ ਕਾਲ ਤੋਂ ਚਲੀ ਆ ਰਹੀ ਹੈ। ਨਿਰਸੰਦੇਹ ਅਖੰਡ ਕੀਰਤਨੀ ਜਥੇ ਵਲੋਂ ਇਸ ਰਹਿਤ ਨੂੰ ਕੇਵਲ ਸੰਭਾਲਿਆ ਅਤੇ ਪ੍ਰਚਾਰਿਆ ਜਾ ਰਿਹਾ ਹੈ ਅਤੇ ਸਾਡੇ ਲਈ ਇਹ ਗੌਰਵ ਵਾਲੀ ਗੱਲ ਹੈ।

ਕੇਸਕੀ ਤੋਂ ਬਿਨਾਂ ਕੇਸਾਂ ਦੀ ਸੰਭਾਲ ਅਤੇ ਕੇਸਾਂ ਦਾ ਸਤਿਕਾਰ ਅਸੰਭਵ ਹੈ। ਸਿਖ ਬੀਬੀਆਂ ਨੂੰ ਨੰਗੇਜ ਅਤੇ ਨਿਰਲੱਜਤਾ ਦੇ ਵਹਿਣ ਤੋਂ ਬਚਾਉਣ ਲਈ ਤੇ ਉਹਨਾਂ ਨੂੰ ਖਾਲਸਈ ਰੂਪ ਦੇ ਕੇ ਉਹਨਾਂ ਵਿਚ ਖਾਲਸਈ ਸਪਿਰਟ ਉਜਾਗਰ ਕਰਨ ਲਈ, ਪੰਥ ਨੂੰ ਅੱਜ ਜਾਂ ਕਲ੍ਹ ਕੇਸਕੀ ਰਹਿਤ ਨੂੰ ਮੁੜ ਅਪਣਾਉਣਾ ਹੀ ਪੈਣਾ ਹੈ। ਗੁਰੂ ਕਰੇ! ਵਧੇਰਾ ਨੁਕਸਾਨ ਕਰਾਉਣ ਤੋਂ ਪਹਿਲਾਂ ਅਹਿਸਾਸ ਜਾਗ ਪਵੇ।

**੨. ਕੁੱਠਾ ਮਾਸ—**

ਖਾਲਸਾ-ਰਹਿਤ ਅਨੁਸਾਰ 'ਕੁੱਠਾ-ਮਾਸ' ਬਜਰ ਕੁਰਹਿਤ ਹੈ। ਅਖੰਡ ਕੀਰਤਨੀ ਜਥਾ ਵੀ ਕੁੱਠੇ-ਮਾਸ ਦੀ ਵਰਤੋਂ ਬਿਵਰਜਿਤ ਸਮਝਦਾ ਹੈ, ਪਰ ਇਸ ਦੀ ਅਗਲੀ ਵਿਆਖਿਆ ਕਿ ਕੁੱਠੇ ਮਾਸ ਤੋਂ ਭਾਵ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ ਮਾਸ ਤੋਂ ਹੈ, ਨਾਲ ਬਿਲਕੁਲ ਸਹਿਮਤ ਨਹੀਂ ਅਤੇ ਇਸ ਅਸਹਿਮਤੀ ਦਾ ਅਧਾਰ ਗੁਰਬਾਣੀ ਦੀ ਨਿਗਰ ਤੇ ਨਿਰ-ਵਿਰੋਧ ਗਵਾਹੀ ਹੈ।

**੩. ਰਾਗ ਮਾਲਾ—**

ਰਾਗ ਮਾਲਾ ਦਾ ਮਸਲਾ ਕੋਈ ਨਵਾਂ ਨਹੀਂ। ਬੀਤੇ ਸਮੇਂ ਵਿਚ ਰਾਗ ਮਾਲਾ ਸੰਬੰਧੀ ਵਾਦ-ਵਿਵਾਦ ਪ੍ਰੈਸ ਵਿਚ ਵਰ੍ਹਿਆਂ ਬੱਧੀ ਚਲਦਾ ਰਿਹਾ। ਐਵੇਂ ਫ਼ਜ਼ੂਲ ਪਾਣੀ ਹੀ ਰਿੜਕੀਂਦਾ ਰਿਹਾ। ਸਿਵਾਇ ਪਰਸਪਰ ਕੁੜਿੱਤਣ ਅਤੇ ਬੇਗਾਨਗੀ ਦੇ ਕੁਝ ਪਲੇ ਨਾ ਪਿਆ। ਅਖ਼ੀਰ ਹਾਰ ਹੰਭ ਕੇ ਸਾਰੀਆਂ ਧਿਰਾਂ ਵਲੋਂ ਇਕੱਠੇ ਬੈਠ ਕੇ ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਪੰਥਕ ਪਧਰ ਤੇ ੧੯੪੫ ਵਿਚ ਇਕ ਸਮਝੌਤਾ ਹੋਇਆ।

> ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗ ਮਾਲਾ ਪੜ੍ਹ ਕੇ ਚਲਦੀ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ (ਇਸ ਗੱਲ ਬਾਬਤ ਪੰਥ 'ਚ ਅਜੇ ਮਤ-ਭੇਦ ਹੈ, (ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ। !

ਉਪ੍ਰੋਕਤ ਫ਼ੈਸਲਾ ੧੯੪੫ ਤੋਂ ਲੈ ਕੇ ਪੂਰੀ ਅਧੀ ਸਦੀ ਤਕ ਲਾਗੂ ਚਲਿਆ ਆ ਰਿਹਾ ਹੈ। ਅਖੰਡ ਕੀਰਤਨੀ ਜਥਾ ਇਸ ਫ਼ੈਸਲੇ ਤੇ ਪੂਰਨ ਪਾਬੰਦ ਹੈ ਅਤੇ ਇਸ ਪੱਖੋਂ ਸਾਡਾ ਕਿਸੇ ਨਾਲ ਕੋਈ ਵਿਰੋਧ ਨਹੀਂ।

ਉਪ੍ਰੋਕਤ ਤਿੰਨਾਂ ਮੁਦਿਆਂ ਸੰਬੰਧੀ ਅਖੰਡ ਕੀਰਤਨੀ ਜਥੇ ਵਲੋਂ ਅਤੇ ਕੌਮ ਦੇ ਹੋਰ ਵਿਦਵਾਨ ਸੱਜਣਾਂ ਵਲੋਂ ਪ੍ਰਕਾਸ਼ਤ ਕਈ ਪੁਸਤਕਾਂ ਉਪਲਬਧ ਹਨ। ਸਮੇਂ ਅਨੁਸਾਰ ਲੋੜ ਪੈਣ ਤੇ ਇਹ ਪੇਸ਼ ਕੀਤੀਆਂ ਜਾ ਸਕਦੀਆਂ ਹਨ।

**ਸਪਸ਼ਟੀਕਰਣ—**

ਉਪਰੋਕਤ ਤੱਥਾਂ ਦੇ ਅਧਾਰ ਤੇ ਅਖੰਡ ਕੀਰਤਨੀ ਜਥਾ ਇਹ ਸਪੱਸ਼ਟੀਕਰਣ ਕਰਦਾ ਹੈ ਕਿ ਇਹ ਜਥਾ ਹਰਗਿਜ਼ ਪੰਥ ਵਿਚ ਕੋਈ ਵਖਰੀ ਸੰਪ੍ਰਦਾਅ ਨਹੀਂ, ਸਗੋਂ ਸਮੁੱਚੇ ਪੰਥ ਦਾ ਹੀ ਅੰਗ ਹੈ। ਇਸ ਦਾ ਕੋਈ ਵਖਰਾ ਡੇਰਾ ਨਹੀਂ ਅਤੇ ਨਾ ਹੀ ਇਸ ਦਾ ਵਿਅਕਤੀਗਤ ਪੂਜਾ-ਪ੍ਰਤਿਸ਼ਟਾ ਦਾ ਕੋਈ ਅਡੰਬਰ ਰਚਿਆ ਹੋਇਆ ਹੈ। ✱


www.AKJ.Org

# ਕਰਮਾਂ ਉਪਰਿ ਨਿਬੇੜੇ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਕਰਤੇ ਪੁਰਖ ਦੀ ਸਾਜੀ ਹੋਈ ਧਰਤੀ ਰੂਪੀ ਧਰਮਸਾਲ ਵਿਖੇ ਅਨੇਕ ਰੰਗ ਦੇ, ਅਨਿਕ ਪ੍ਰਕਾਰੀ ਜੌਨਿ-ਜੁਗਤੀਆਂ ਦੇ, ਅਨੇਕ ਅਨੰਤ ਨਾਵਾਂ ਦੇ ਜੀਅ ਜੰਤ ਵਸਦੇ ਹਨ। ਤਿਨ੍ਹਾਂ ਦਾ ਓਹਨਾਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਵਾਹਿਗੁਰੂ ਦੀ ਦਰਗਾਹ ਅੰਦਰਿ ਪੂਰਨ ਵੀਚਾਰ ਹੋ ਕੇ ਸੱਚਾ ਨਿਆਉਂ ਨਿਬੜਦਾ ਹੈ। ਕਿਉਂਕਿ ਓਹ ਆਪ ਭੀ ਸੱਚਾ ਹੈ ਅਤੇ ਉਸਦਾ ਦਰਬਾਰ ਭੀ ਸੱਚਾ ਹੈ। ਉਸਦੇ ਸੱਚੇ ਨਿਆਉਂ ਇਨਸਾਫ਼ ਵਾਲ਼ੀ ਅਦਾਲਤ (ਕੋਰਟ) ਭੀ ਸੱਚੀ ਹੈ। ਓਥੇ (ਉਸ ਦਰਬਾਰ ਵਿਖੇ) ਪੂਗ ਖਲੋਤੇ ਪੰਚ ਜਨ ਹੀ ਪਰਵਾਨ ਹੋਏ ਹਨ। ਪੰਚ ਪਰਵਾਨ ਗੁਰਮੁਖ ਜਨਾਂ ਨੂੰ ਹੀ ਓਥੇ ਸੱਚੀ ਸੋਭਾ ਮਿਲਦੀ ਹੈ। ਉਸ ਸੱਚੇ ਦਰਬਾਰ ਵਿਖੇ ਇਹੀ ਪੰਚ ਪਰਵਾਨ ਹੋਏਵੇ ਗੁਰਮੁਖਾਂ, ਸੱਚੇ ਅਹਿਲਕਾਰਾਂ, ਸੱਚੇ ਦਰਬਾਰੀਆਂ ਦਾ ਹੀ ਸ਼ੋਭਨੀਕ ਦੀਵਾਨ ਸਜਦਾ ਹੈ। ਜੀਵਾਂ ਦਾ, ਧਰਤੀ ਧਰਮਸਾਲ (ਧਰਮ ਕਰਮ ਦੀ ਸ਼ਾਲਾ) ਦੇ ਜੀਵਾਂ ਦੇ ਕਰਮਾਂ ਧਰਮਾਂ ਦਾ, ਓਹਨਾਂ ਦੇ ਕਰਮਾਂ ਅਨੁਸਾਰ ਹੀ ਨਿਆਉਂ ਵੀਚਾਰਿਆ ਜਾਂਦਾ ਹੈ ਅਤੇ ਸੱਚੋ ਸੱਚ ਨਿਬੇੜਾ ਹੁੰਦਾ ਹੈ। ਨਦਰੀ ਦੀ ਨਦਰਿ ਨੀਸਾਣ ਵਾਲੇ ਤਿਥੈ ਸੁਰਖ਼ਰੂਈਆਂ ਦੇ ਸੇਹਰੇ ਸੋਂਹਦੇ ਹਨ। ਓਹਨਾਂ ਨੂੰ 'ਜਿਣਿ ਬਾਜੀ ਘਰਿ ਆਇਆ'* ਦੇ ਸੇਹਰੇ ਸਿਰੋਪਾਇ ਮਿਲਦੇ ਹਨ। ਕੱਚਿਆਂ ਪਿੱਲਿਆਂ ਦੀ ਓਥੇ ਪੱਕੀ ਸੋਧ ਸੁਧਾਈ ਹੁੰਦੀ ਹੈ। ਸੱਚਿਆਂ ਤੇ ਪੱਕਿਆਂ ਦੀ ਸਚਿਆਈ ਤੇ ਪਕਿਆਈ ਦੀ ਉਥੇ ਪਰਖ ਹੁੰਦੀ ਹੈ। ਕਰਮਾਂ ਦੀ ਪਰਖ ਨਿਰਖ ਅਨੁਸਾਰ ਨਦਰਿ-ਪਾਤਰਾਂ ਨੂੰ ਨਦਰੀ (ਵਾਹਿਗੁਰੂ ਨਦਰਾਂ ਵਾਲੇ) ਦੀ ਨਦਰਿ-ਨਿਹਾਲਤਾ ਦਾ ਨੀਸਾਣ ਮਿਲਦਾ ਹੈ। ਧੁਰਿ ਸਚੜੇ ਨਿਆਉਂ-ਅਸਥਾਨੀ ਗਇਆਂ ਹੀ, ਪੂਰੀ ਕਸੌਟੀ ਤੇ ਲਗਿਆਂ, ਇਮਤਿਹਾਨ ਵਿਚ ਪੂਰੇ ਨਿਕਲਦੇ ਹਨ। ਸੋਈ ਪ੍ਰਵਾਣ ਪੈਂਦੇ ਹਨ। ਇਹ ਗੁਰ ਨਾਨਕ ਸਾਹਿਬ ਦਾ ਸਪੱਸ਼ਟ ਫੁਰਮਾਨ ਹੈ। ਯਥਾ ਗੁਰਵਾਕ—

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥ [ਜਪੁਜੀ ਸਾਹਿਬ, ਪੰਨਾ ੭

ਇਉਂ ਕਰਮਾਂ ਦੀ ਖੇਡ ਨਿਆਉਂ ਤੇ ਨਿਬੜਦੀ ਹੈ। ਨਿਰੰਕਾਰ ਦੀ ਨਿਗਰਾਨੀ ਹੇਠਾਂ ਧਰਮਰਾਇ ਆਪਣੀ ਹਜ਼ੂਰੀ ਵਿਚਿ ਸੰਸਾਰੀ ਜੀਵਾਂ ਦੀਆਂ ਚੰਗਿਆਈਆਂ ਬੁਰਿਆਈਆਂ, ਚੰਗੇ ਮੰਦੇ ਕਰਮ ਕੀਤੇ ਕਰਮਾਂ ਦੀ ਪੜਤਾਲ ਕਰਦਾ ਹੈ। ਨੇਕੀਆਂ ਅਤੇ ਬਦੀਆਂ, ਅਰਥਾਤ ਨੇਕ ਤੇ ਬਦ ਅਮਲਾਂ ਦੀ ਕਰਣੀ ਆਪੋ ਆਪਣੇ ਕਰਮਾ ਅਨੁਸਾਰ ਜ਼ਰੂਰ ਭੁਗਤਣੀ ਪਏਗੀ। ਕਿਸੇ ਨੂੰ ਨੇੜੇ ਦਾ ਗੇੜ ਸੁਰਗ ਨਰਕ ਦੀ ਹੇਰਾ ਫੇਰੀ ਦਾ ਭੁਗਤਣਾ

*ਬਸੰਤੁ ਮ, ੫, (੪॥੧॥੯॥ ਪੰਨਾ ੧੧੮੫

---

* ਖਾਲਸਾ-ਰਹਿਤ ਸੰਬੰਧੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਅਧਾਰ ਤੇ ਸਮੁੱਚੇ ਪੰਥ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਉਤੇ ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਜੋ ਗੁਰਮਤਾ ਸਰਬ-ਸੰਮਤੀ ਨਾਲ ਕੀਤਾ ਜਾਵੇਗਾ, ਅਖੰਡ ਕੀਰਤਨੀ ਜਥਾ ਉਸ ਨੂੰ ਸਿਰ ਮੱਥੇ ਸਵੀਕਾਰ ਕਰੇਗਾ।

ਅੰਤ ਵਿਚ ਅਖੰਡ ਕੀਰਤਨੀ ਜਥਾ ਪੰਥ ਦੀਆਂ ਸਮੂਹ ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਨੂੰ ਅਧੀਨਗੀ ਸਹਿਤ ਬੇਨਤੀ ਕਰਦਾ ਹੈ ਕਿ ਆਓ ਪੰਥ ਦੀ ਚੜ੍ਹਦੀ ਕਲਾ ਲਈ ਸਾਰੇ ਰਖ-ਰਖੇਵੇਂ ਛਡ ਕੇ ਪੰਥ ਲਈ ਸਮਰਪਤ ਹੋਵੀਏ ਤੇ ਇੰਜ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ !!



www.AKJ.Org

ਪੈਂਦਾ ਹੈ। ਕਿਸੇ ਨੂੰ ਲਖ ਚੁਰਾਸੀ ਦੇ ਲੰਮੇ ਫੇਰ ਵਿਚਿ ਪਾਇਆ ਜਾਂਦਾ ਹੈ। ਬੇਦਾਚਾਰੀ, ਲੋਕਾਚਾਰੀ ਚੰਗੇ ਕਰਮ ਕਰਨ ਵਾਲਿਆਂ ਨੂੰ ਭੀ ਧਰਮਰਾਇ ਦੀ ਹਜ਼ੂਰੀ ਵਿਚਿ ਜਾ ਕੇ ਕੀਤੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ। ਸਭਨਾਂ ਨੂੰ ਧਰਮਰਾਇ ਦੀ ਹਜ਼ੂਰੀ ਭੁਗਤਣੀ ਪੈਂਦੀ ਹੈ—

ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਇ ॥੧੯॥ [ਸਲੋਕ ਮ: ੩, ਪੰਨਾ ੧੪੧੪

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਚੜਾ ਗੁਰਮਤਿ ਕਰਮ ਕਰਨ ਵਾਲਿਆਂ ਨੂੰ ਧਰਮਰਾਇ ਦੀ ਕਚਹਿਰੀ ਵਿਚਿ ਨਹੀਂ ਜਾਣਾ ਪੈਂਦਾ। ਹੋਰ ਸਭ ਲੇਖੇ ਅੰਦਰਿ ਹਨ। ਕਰਮਾਂ ਦਾ ਲੇਖਾ ਸਭ ਤੋਂ ਲਿਆ ਜਾਂਦਾ ਹੈ। ਨਹੀਂ ਲਿਆ ਜਾਂਦਾ ਤਾਂ ਨਾਮ ਅਭਿਆਸ ਕਮਾਈ ਵਾਲਿਆਂ ਪਾਸੋਂ ਨਹੀਂ ਲਿਆ ਜਾਂਦਾ। ਤਿਨ੍ਹਾਂ ਨੂੰ ਧਰਮਰਾਇ ਪਾਸ ਨਹੀਂ ਜਾਣਾ ਪੈਂਦਾ। ਸਗੋਂ ਧਰਮਰਾਇ ਓਹਨਾਂ ਦਾ ਹੁਕਮੀ ਬੰਦਾ ਹੋ ਕੇ ਕਾਰ ਕਮਾਵਣ ਨੂੰ ਤਤਪਰ ਰਹਿੰਦਾ ਹੈ। ਓਹ ਸਿਧੇ ਸੱਚੇ ਦੇ ਦਰਬਾਰ ਸਚ-ਖੰਡ ਵਿਖੇ ਜਾਂਦੇ ਹਨ ਅਤੇ ਮੁਖ ਉਜਲਾ ਲੈ ਕੇ ਜਾਂਦੇ ਹਨ। ਓਹਨਾਂ ਦੀਆਂ ਕਰਮਾਂ ਦੀਆਂ ਮੁਸ਼ੱਕਤਾਂ ਘਾਲਾਂ ਏਥੇ ਹੀ ਘਾਲੀਆਂ ਜਾਂਦੀਆਂ ਹਨ। ਸਭ ਲੇਖੇ ਕਰਮ ਮੁਸ਼ੱਕਤਾਂ ਦੇ ਏਥੇ ਘਾਲੇ ਜਾਂਦੇ ਹਨ। ਅਵਲ ਤਾਂ ਨਾਮ ਅਭਿਆਸ ਸਿਫ਼ਤ ਸਲਾਹ ਰੂਪੀ ਸਚੜੀ ਕਮਾਈ ਵਾਲੇ ਦੂਤੀਆ ਕੋਈ ਕਰਮ, ਛੁਟ ਨਾਮ ਕਮਾਈ ਦੇ, ਕਰਦੇ ਹੀ ਨਹੀਂ। ਜਿਹੜਾ ਕੋਈ ਕਰਮ ਪਹਿਲਾਂ, ਨਾਮ ਦੀ ਪ੍ਰਾਪਤੀ ਤੋਂ **ਪਹਿ**ਲਾਂ ਕੀਤਾ ਹੋਇਆ ਹੁੰਦਾ ਹੈ ਓਸਦਾ ਲੇਖਾ ਓਥੇ ਹੀ ਮੁਕ ਜਾਂਦਾ ਹੈ। ਮੁੜ ਨਹੀਂ ਲਿਆ ਜਾਂਦਾ ਉਨ੍ਹਾਂ ਪਾਸੋਂ। ਸਗੋਂ ਨਾਮ ਧਿਆਵਣ-ਹਾਰਿਆਂ ਉਜਲ-ਦੀਦਾਰਿਆਂ ਦੇ ਨਾਲਿ ਹੋਰ ਭੀ ਕੇਤੀ ਲੁਕਾਈ ਦਾ ਇਸ ਲੇਖੇ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਹੋਰ ਭੀ ਅਨੇਕਾਂ ਦਾ ਮੁਖ ਉਜਲਾ ਹੋ ਜਾਂਦਾ ਹੈ। ਤਿਨ੍ਹਾਂ ਦੀ ਸੱਚੀ ਸੰਗਤ ਦੇ ਤੁਫ਼ੈਲ, ਸਰਬੋਤਮ ਕਰਮੀ ਉਜਲ-ਮੁਖੀਆਂ ਦੀ ਘਾਲਣਾ ਦੇ ਨਾਲਿ ਕੇਤੜੇ ਹੀ ਆਨ ਕਰਮ ਮੁਸ਼ੱਕਤੀਆਂ ਦੀ ਮੁਸ਼ੱਕਤ ਘਾਲੀ ਜਾਂਦੀ ਹੈ। ਕੇਤੜਿਆਂ ਦੀ ਕਰਮ-ਫਾਸ ਕੱਟੀ ਜਾਂਦੀ ਹੈ। ਇਉਂ ਕੇਤੇ ਹੀ ਆਵਾਗਵਨੀ ਗੇੜ ਤੋਂ ਛੁਟ ਜਾਂਦੇ ਹਨ। ਸਭਨਾਂ ਦੀ ਬੰਦ ਖ਼ਲਾਸ ਹੋ ਜਾਂਦੀ ਹੈ, ਨਰਕ-ਨਿਵਾਸ ਚੋਂ ਭੀ ਬੰਦ-ਖ਼ਲਾਸ ਹੋ ਜਾਂਦੀ ਹੈ—

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ [ਸਲੋਕ, ਪੰਨਾ ੮

ਇਉਂ ਓਹਨਾਂ ਦੀ ਕਰਮ ਗਤਿ ਭੀ ਨਿਬੜ ਜਾਂਦੀ ਹੈ। ਓੜਕ ਕਰਮਾਂ ਤੇ ਹੀ ਨਿਬੇੜਾ ਹੁੰਦਾ ਹੈ। ਅੰਤ ਨਿਬੇੜਾ ਤਾਂ ਕੇਤੀ ਛੁਟੀ ਵਾਲਿਆਂ ਦਾ ਹੀ ਹੈ। ਜਿਹੋ ਜਿਹਾ ਕਰਮ ਕਿਸੇ ਨੇ ਕੀਤਾ ਹੁੰਦਾ ਹੈ ਤਿਹੋ ਜਿਹਾ ਹੀ ਉਸ ਦਾ ਨਿਬੇੜਾ ਹੋ ਰਹਿੰਦਾ ਹੈ। "ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ" *ਜੇਹਾ ਕੋਈ ਕਰਮ ਕਰਦਾ ਹੈ ਤੇਹਾ ਹੀ ਓਹ ਓੜਕ ਇਸ ਜਗ ਵਿਖੇ ਭੀ ਪਰਸਿਧ ਹੋ ਜਾਂਦਾ ਹੈ। ਅੰਤੀ ਅਉਸਰਿ ਜਾ ਕੇ ਜਿਹੜਾ ਨਿਬੇੜਾ ਹੋਣਾ ਹੈ ਓਹ ਤਾਂ ਹੋ ਕੇ ਹੀ ਰਹਿੰਦਾ ਹੈ। ਏਥੇ ਅੰਦਰਿ ਬਹਿ ਕੇ ਸੁਭ ਅਸ਼ੁਭ ਕਰਮ ਕਰਨ ਵਾਲਿਆਂ ਦੀ ਓੜਕ ਉਜਾਗਰਤਾ ਹੋ ਜਾਂਦੀ ਹੈ। ਧਰਮ-ਕਰਮ ਕਮਾਵਣਹਾਰਿਆਂ ਦੀ ਮਸ਼ਹੂਰੀ ਭੀ ਹੋਏ ਬਿਨਾਂ ਨਹੀਂ ਰਹਿੰਦੀ। ਧਰਮ ਦੇ ਕਰਮ ਕਰਨਹਾਰੇ ਹੋਣ ਕਰਕੇ ਓਹਨਾਂ ਨੂੰ ਸਭ ਕੋਈ ਧਰਮੀ ਬੰਦੇ ਆਖਦਾ ਹੈ। ਅਤੇ ਬੁਰੇ ਪਾਪ ਕਰਮ ਕਰਨਹਾਰਿਆਂ ਦਾ ਨਾਉਂ ਪਾਪੀ ਬੰਦੇ ਪੈ ਜਾਂਦਾ ਹੈ। ਪਾਪੀ ਲੋਗ ਭਾਵੇਂ ਧਰਤੀ ਵਿਚਿ ਲੁਕ ਕੇ ਭੀ ਪਾਪ ਕਰਮ ਕਮਾਵਨਿ, ਓਹਨਾਂ ਦੇ ਪਾਪ-ਕਰਮਾਂ ਦਾ ਪੜਦਾ ਓੜਕ ਉਘੜ ਹੀ ਆਉਂਦਾ ਹੈ। ਸੁਭ ਅਸ਼ੁਭ ਕਰਮ ਦਰ-ਪਰਦਾ ਕਰਨ ਵਾਲਿਆਂ ਦੀ ਸੁਭ ਅਸ਼ਭ ਉਜਾਗਰਤਾ ਭੀ ਇਕ ਪ੍ਰਕਾਰ ਓਹਨਾਂ ਦੇ ਸੁਭ ਅਸ਼ੁਭ ਕਰਮਾਂ ਦਾ ਨਿਆਉਂ ਨਿਬੇੜਾ ਹੀ ਹੈ।

---

*ਸਿਰੀ ਰਾਗੁ ਮ: ੩, ॥੩॥ [੪॥੧੭॥੫੦), ਪੰਨਾ ੩੩



www.AKJ.Org

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥੨॥੨॥

[ਮਾਝ ਕੀ ਵਾਰ, ਪੰਨਾ ੧੩੮

ਕਰਤੇ ਪੁਰਖ ਨੇ ਆਪੇ ਹੀ ਸਭ ਜਗਤੁ ਉਪਾਇਆ ਹੈ ਅਤੇ ਆਪ ਹੀ ਉਪਾਇ ਕੇ ਆਪੇ ਹੀ ਸਾਰਾ ਜਗਤੁ ਸਿਰਿ ਸਿਰਿ ਧੰਧੇ ਲਾਇਆ ਹੈ। ਆਪੇ ਹੀ ਮੋਹ ਦੀ ਠਉਗਰੀ ਪਾਇ ਕੇ ਆਪੇ ਹੀ ਜਗਤ ਨੂੰ ਨਿਜ ਸਰੂਪ ਗਿਆਨ ਤੋਂ ਗੁਮਰਾਹ ਕਰਾਇਆ ਹੈ। ਮੋਹ ਠਉਗਰੀ ਦੇ ਠਗੇ ਹੋਇਆਂ ਦੇ ਅੰਦਰਿ ਤ੍ਰਿਸ਼ਨਾ ਦੀ ਅੰਧੇਰੀ ਅਗਨੀ ਭੜਕ ਉਠਦੀ ਹੈ ਤੇ ਓਹਨਾਂ ਦੀ ਭੁੱਖ ਤੇਹ ਮਿਟਦੀ ਹੀ ਨਹੀਂ। ਉਹ ਸਦਾ ਭੁਖੇ ਤਿਹਾਏ ਹੀ ਰਹਿੰਦੇ ਹਨ। ਤ੍ਰਿਪਤਿ ਹੀ ਨਹੀਂ ਹੁੰਦੇ। ਮੋਹ ਦਾ ਗ੍ਰਸਿਆ ਹੋਇਆ ਸੰਸਾਰ ਮੁਜੱਸਮ ਸੰਸਾ ਹੀ ਬਣਿ ਰਹਿਆ ਹੈ, ਸੰਸੇ ਰੂਪ ਹੀ ਹੋਇ ਰਹਿਆ ਹੈ। ਸਤਿਗੁਰ ਬਿਨਾਂ ਇਹ ਮੋਹ ਟੁਟਦਾ ਨਹੀਂ, ਚਾਹੇ ਸਾਰਾ ਸੰਸਾਰ ਕਿਤਨੇ ਹੀ ਹੋਰ ਆਨਮਤੀ ਕਰਮ ਕਰਿ ਕਰਿ ਥਕ ਰਹੇ। ਗੁਰਮਤੀ ਨਾਮ ਧਿਆਇ ਕੇ, ਸਿਫ਼ਤਿ ਸਾਲਾਹੁ ਰੂਪੀ ਸਰਬੋਤਮ ਗੁਰਮਤਿ ਕਰਮ ਕਰ ਕੇ ਵਾਹਿਗੁਰੂ ਦਾ ਭਾਣੇ ਅੰਦਰਿ ਸੁਖ-ਰੱਜ ਤ੍ਰਿਸ਼ਨ-ਤ੍ਰਿਪਤੱਜ ਹੋ ਜਾਂਦਾ ਹੈ। ਓਹ ਆਪ ਤਾਂ ਉਧਰਦਾ ਹੀ ਹੈ, ਸਾਰੀ ਆਪਣੀ ਕੁਲ ਨੂੰ ਭੀ ਓਧਾਰਨਹਾਰਾ ਹੋ ਜਾਂਦਾ ਹੈ। ਉਸਦੇ ਜਨਣਹਾਰੀ ਮਾਤਾ ਭੀ ਧੰਨਤਾ ਯੋਗ ਹੋ ਜਾਂਦੀ ਹੈ। ਇਉਂ ਹਰਿ ਸੇਤੀ ਚਿਤ ਲਾਉਣ ਵਾਲਿਆਂ ਦੀ ਸੁਰਤਿ ਭੀ ਸੁਹਾਵਣੀ ਹੋ ਜਾਂਦੀ ਹੈ ਅਤੇ ਸ਼ੋਭਾ ਭੀ ਸੁਹਾਵਣੀ ਬਣਿ ਜਾਂਦੀ ਹੈ—

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥

[ਵਾਰ ਮਾਝ ਕੀ, ਪੰਨਾ ੧੩੮-੩੯

ਓੜਕ ਨਿਬੇੜਾ ਨਾਮ ਸੁਰਤੀਸ਼ਰਾਂ ਦੇ ਨਾਮ ਨਿਹਕਰਮੀ ਕਰਮ ਉਤੇ ਹੀ ਹੈ, ਜਿਸ ਨੇ ਕੋਟ ਕਰਮ ਕਰ ਕੇ ਨਾਲ ਦਿਆਂ ਦਾ ਤੇ ਕੁਲਾਂ ਦਾ ਭੀ ਉਧਾਰ ਕਰ ਦਿਤਾ। ਸਭ ਕੁਛ ਕਰਮਾਂ ਉਪਰ ਹੀ ਨਿਬੜਦਾ ਹੈ। ਆਪੋਂ ਤਾਂ ਪ੍ਰਾਣੀ ਸਭ ਕੁਛ ਹੀ ਲੈਣਾ ਲੋਚਦਾ ਹੈ। ਉਸ ਦੀ ਨਿਜ ਲੋਚਾ ਅਨੁਸਾਰ ਓਹਨੂੰ ਕੁਛ ਨਹੀਂ ਮਿਲਦਾ। ਜੇ ਆਪਣੀ ਲੋਚਾ ਅਨੁਸਾਰ ਲੋਚਿਆ ਹੋਇਆ ਹਰੇਕ ਪਦਾਰਥ ਇਸ ਅਲਪੱਗ ਪ੍ਰਾਣੀ ਨੂੰ ਮਿਲ ਜਾਵੇ ਤਾਂ ਹਰ ਕੋਈ ਭਾਗਾਂ ਵਾਲਾ ਹੋ ਕੇ ਨਾ ਬਹਿ ਜਾਵੇ, ਆਪੋਂ ਹੀ ਭਾਗਾਂ ਵਾਲਾ ਨਾ ਹੋਇ ਬਹੇ। ਇਹ ਤਾਂ ਜਿਸ ਕਰਤਾਰ ਨੇ ਸ੍ਰਿਸ਼ਟੀ ਰੂਪੀ ਰਚਨਾ ਦਾ ਕਾਰਣ ਕੀਤਾ ਹੈ, ਸੋਈ ਕਰਣਹਾਰ ਕਰਤਾ ਆਪਣੇ ਕੀਤੇ ਹੋਏ ਪ੍ਰਾਣੀਆਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਹੱਕੋ ਹੱਕ ਨਿਬੇੜਾ ਕਰਦਾ ਹੈ। ਓਹੀ ਰਚਨਹਾਰ ਕਰਤਾਰ ਸਭਨਾਂ ਦੀ ਸਾਰ ਲੈਂਦਾ ਹੈ। ਆਪਣੇ ਹੁਕਮ ਦੀ ਖੇਡ ਅਨੁਸਾਰ ਕਰਮ ਕਰਨਹਾਰਿਆਂ ਦੇ ਕਰਮ ਬਣਾਉਂਦਾ ਹੈ ਅਤੇ ਓਹਨਾਂ ਦੇ ਕਰਮ-ਨਿਬੇੜੇ ਅਨੁਸਾਰ ਹੀ ਕਰਮ ਕਰਾਉਂਦਾ ਹੈ। ਓੜਕ ਅੰਤ ਨਿਬੇੜੇ ਵਾਲੇ ਕਰਮ ਕਰਾਇ ਕੇ ਉਹਨਾਂ ਦਾ ਅੰਤ ਨਿਬੇੜਾ ਕਲਿਆਣ-ਮੁਕਤੇੜਾ ਕਰ ਦਿੰਦਾ ਹੈ। ਯਥਾ ਗੁਰਵਾਕ—

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥


www.AKJ.Org

ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥
ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮॥
[ਗਉੜੀ ਬੈਰਾਗਣਿ ਮ: ੧, ਪੰਨਾ ੧੫੭

ਜਿਸ ਕਿਸੀ ਨੇ ਕਰਤੇ ਪੁਰਖ ਸੱਚੜੇ ਖਸਮ ਦਾ ਸੱਚੜਾ ਹੁਕਮ ਵਾਹਿਗੁਰੂ-ਨਾਮੁ ਨਹੀਂ ਜਪਿਆ, ਓਥੇ ਕਿਸੇ ਹੁਕਮੋਂ ਮੁਨਹਰਫ਼ (ਆਕੀ) ਬੰਦੇ ਨੂੰ ਕਦੇ ਵਡਾਈ ਮਿਲਦੀ ਹੈ ? ਉਸ ਨੂੰ ਨਾ ਮਿਲਦੀ ਹੈ, ਨਾ ਮਿਲੀ, ਨਾ ਮਿਲ ਸਕਦੀ ਹੈ। ਜਿਹੋ ਜਿਹੇ ਕੋਈ ਕਰਮ ਕਮਾਉਂਦਾ ਹੈ, ਤਿਨ੍ਹਾਂ ਕਰਮਾਂ ਅਨੁਸਾਰ ਤਿਸ ਨੂੰ ਤਿਹੋ ਜਿਹੇ ਹੀ ਫਲ ਮਿਲਦੇ ਹਨ। ਕਰਮ-ਫਲ ਪਰਦਾਤਾ ਤਾਂ ਕਰਤਾਰ ਹੀ ਹੈ। ਪਰ ਨਿਬੇੜਾ ਕਰਮਾਂ ਅਨੁਸਾਰ ਕਰਦਾ ਹੈ। ਨਿਬੇੜਾ ਕਰਨਹਾਰ ਫਲ ਦੇਣਹਾਰ ਉਹ ਹੈ, ਕਰਮਾਂ ਉਪਰ ਹੀ ਨਿਬੇੜਦਾ ਹੈ—

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥੩੨॥ [ਗਉੜੀ ਕੀ ਵਾਰ ਮ: ੪, ਪੰਨਾ ੩੧੭

ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਇਹ ਗੱਲ ਨਿਤਰਦੀ ਹੈ ਕਿ ਜੈਸੇ ਕੋਈ ਕਰਮ ਕਮਾਵੰਦਾ ਹੈ ਤੈਸੇ ਹੀ ਓਹਨਾਂ ਕਰਮਾਂ ਦੇ ਅਨੁਸਾਰ ਉਸ ਨੂੰ ਫਲ ਮਿਲਦੇ ਹਨ। ਤਿਹੋ ਜਿਹੇ ਕਰਮ ਹੀ ਫਲਦੇ ਹਨ ਜਿਹੋ ਜਿਹੇ ਕਰਮ ਕੋਈ ਕਮਾਵੰਦਾ ਹੈ। ਕਰਮਾਂ ਦੇ ਫਲਾਂ ਦਾ ਦੇਣਹਾਰ ਦਾਤਾਰ ਕਰਤਾਰ ਕਰਮ-ਬਿਧਾਤਾ ਆਪਿ ਹੈ। ਪਰ ਕੀਤੇ ਕਰਮਾਂ ਉਤੇ ਹੀ ਅੰਤ ਨਿਬੇੜਾ ਹੁੰਦਾ ਹੈ। ਕੀਤੇ ਕਰਮ ਹੀ ਕਰਮਾਂ ਦੇ ਬੀਜ ਅਨੁਸਾਰ ਫਲਦੇ ਹਨ। ਬੀਜ ਨੂੰ ਫਲ ਦੇਣਹਾਰਾ ਵਾਹਿਗੁਰੂ ਕਰਤਾਰ ਹੈ। ਨਾ ਕਰਮਾਂ ਨੂੰ ਕਰਨਹਾਰਾ ਇਹ ਫੜ੍ਹ ਮਾਰ ਸਕਦਾ ਹੈ ਕਿ ਮੈਂ ਕਰਮਾਂ ਦਾ ਫਲ ਲਿਆ ਹੈ, ਨਾ ਹੀ ਕਰਮ ਆਪੋਂ ਫਲਣ ਦੀ ਸਤਿਆ ਰਖਦੇ ਹਨ। ਨਿਰ-ਜੀਵ ਕਰਮ ਆਪੋਂ ਸੁਫਲ ਫਲਣ ਦੀ ਸੱਤਿਆ ਤੋਂ ਹੀਣ ਹਨ। ਇਹ ਤਾਂ ਉਸ ਬੀਜ ਦੀ ਨਿਆਈਂ ਹਨ ਜਿਸ ਨੂੰ ਕਿਰਸਾਨ ਬੀਜਦਾ ਹੈ। ਤਿਸ ਬੀਜ ਦਾ ਅੰਕੂਰ ਤਦੋਂ ਹੀ ਉਗਵਦਾ ਹੈ ਜਦੋਂ ਕਿਰਸਾਨ ਬੋਏ ਬੀਜ ਦੀ ਬੀਜਾਈ ਸੁਘੜਤਾ ਨਾਲਿ ਕਰਦਾ ਹੈ, ਧਰਤੀ ਨੂੰ ਵਾਹ ਕੇ ਸੁਹਾਗ ਕੇ ਸੁਮੌਸਮਾ ਬੀਜ ਬੋਵੰਦਾ ਹੈ, ਬੀਜ ਬੋ ਕੇ ਬੀਜੇ ਖੇਤ ਦੀ ਰਖਵਾਲੀ ਲਈ ਵਾੜ ਕਰਦਾ ਹੈ। ਉਗਵੇ ਬੀਜ ਦੀ ਅੰਕੂਰਤ ਖੇਤੀ ਦੀ ਸਮੇਂ ਸਮੇਂ ਸਿਰਿ ਸੰਚਾਈ (ਸਿੰਜਾਈ) ਕਰਦਾ ਹੈ, ਖੇਤੀ ਨੂੰ ਸਿੰਜ-ਸੰਵਾਰ ਕੇ ਉਸ ਦੀ ਗੁਡਾਈ ਕਰਦਾ ਹੈ, ਉਗਵੀ ਖੇਤੀ ਨੂੰ ਗੱਡ ਕੇ ਉਸ ਵਿਚੋਂ ਘਾਸ ਫੂਸ ਆਦਿਕ ਸਭ ਸਾਫ਼ ਕਰ ਦਿੰਦਾ ਹੈ ਤਦ ਖੇਤੀ ਏਤਨੀ ਕਮਾਈ ਕੀਤਿਆਂ ਹੀ ਸਫਲ ਫਲਣ ਦੀ ਸੂਰਤਿ ਅਖ਼ਤਿਆਰ ਕਰਦੀ ਹੈ। ਏਤਨੀ ਕਮਾਈ ਕਰਦਿਆਂ ਕਮਾਈ ਕਰਨਹਾਰਾ ਫੇਰ ਭੀ ਦਾਅਵਾ ਨਹੀਂ ਬੰਨ੍ਹ ਸਕਦਾ ਕਿ ਉਸਦੀ ਕਮਾਂਈ ਉਸਦੀ ਐਨ ਇਛਾ ਅਨੁਸਾਰ ਫਲੀਭੂਤ ਹੋਵੇਗੀ। ਕਮਾਈ ਨੂੰ ਫਲ ਦੇਣਾ, ਸੁਫਲ ਫਲਾਉਣਾ ਕਰਨੇਹਾਰ ਕਰਤਾਰ ਦੇ ਵਸਿ ਹੈ। ਜੇ ਓਹੀ ਚਾਹੇ ਤਾਂ ਖੜੀ ਖੇਤੀ ਨੂੰ ਗੜੇ-ਮਾਰ ਤੋਂ ਬਚਾਵੇ ਅਤੇ ਹੋਰ ਅਨੇਕ ਪ੍ਰਕਾਰ ਦੀਆਂ ਅਲਾਵਾਂ-ਬਲਾਵਾਂ ਤੋਂ ਰਖਿਆ ਕਰੇ। ਪੱਕੀ ਅਤੇ ਪੱਕ ਕੇ ਫਲਣਹਾਰ ਵਢੀ ਹੋਈ ਲਾਣ ਢੋ-ਢੁਆਈ ਨੂੰ ਸਿਰੇ ਲਾਵੇ। ਪਿੜ ਵਿਚਿ ਗਾਹੇ ਲਾਣ ਚੋਂ ਅਥੱਕ ਮਿਹਨਤ ਕੀਤਿਆਂ ਤੋੜ ਪੁਚਾਵੇ ਅਤੇ ਦਾਣਾ ਫਕਾ ਘਰਿ ਲਿਆ ਕੇ ਬੋਹਲਾਂ ਚੋਂ ਬੁਖ਼ਾਰ ਭਰਾਵੇ। ਇਸ ਸਾਰੀ ਘਾਲੀ ਮੁਸ਼ੱਕਤ ਵਿਚਿ ਮੁਸ਼ੱਕਤ ਘਾਲਣਹਾਰਾ ਅਲਪੱਗ ਇਨਸਾਨ ਰੰਚਕ ਡੀਂਗ ਨਹੀਂ ਮਾਰ ਸਕਦਾ ਕਿ ਮੇਰੀ ਕੀਤੀ ਹੋਈ ਕਮਾਈ ਆਪੋਂ ਸਫਲ ਹੋਈ ਹੈ ਯਾ ਮੇਰੀ ਹੀ ਮਿਹਨਤ ਮੁਸ਼ੱਕਤ ਨਾਲਿ ਦਸਤਯਾਬ ਹੋਈ ਹੈ। ਇਨਸਾਨ ਅਲਪੱਗ ਕਿਰਸਾਨ ਤਾਂ ਬੀਜ ਬੋ ਕੇ ਲਾਂਭੇ ਹੁੰਦਾ ਹੈ, ਉਸ ਦੇ ਮਿੱਠੇ ਬੀਜ ਦੇ ਉਗਵਣ ਦਾ, ਹਰਾ ਭਰਾ ਹੋਣ ਦਾ, ਇਕ ਬੀਜ ਤੋਂ ਅਨੇਕਾਂ ਬੀਜਾਂ ਵਾਲੇ ਸਿਟੇ ਲਗਣ ਦਾ ਜੋ ਸਾਰਾ ਕੁਦਰਤਿ ਕਾਇਨਾਤੀ ਸਿਲਸਿਲਾ ਹੈ, ਉਹ ਸਭ ਕਰਤਾਰ ਕਰਨਹਾਰ ਦੇ ਹੱਥ ਵਸ ਹੈ। ਇਨਸਾਨ ਦੀ ਅਕਲ ਹੈਰਾਨ ਹੈ ਕਿ ਕਿਵੇਂ ਹਰੀ ਅੰਗੂਰੀ ਲਹਿ-ਲਹਾਉਂਦੀ ਹੈ, ਕਿਵੇਂ ਅੰਗੂਰ ਤੋਂ ਸ਼ਗੂਫੇ ਉਗਵ ਕੇ ਖਿੜਦੇ ਹਨ ਅਤੇ ਸੋਹਣੇ ਫੁਲਾਂ ਦੀ ਸੁੰਦਰ ਸ਼ਕਲ ਸੂਰਤਿ ਅਖ਼ਤਿਆਰ ਕਰਦੇ ਹਨ, ਕਿਵੇਂ ਫੁਲਾਂ ਤੋਂ ਪਿਛੋਂ ਫੇਰ ਭਾਂਤ ਭਾਂਤ ਦਾ ਫਲ ਲਗ ਕੇ ਸ-ਫਲਦੇ ਹਨ। ਇਹ ਸਾਰੀ ਗੁਪਤ ਕਲਾ ਕਾਇਨਾਤੀ ਕੁਦਰਤਿ ਦੇ ਮਾਲਕ ਕਰਤਾਰ ਦੀ ਸਾਨਿਆ (ਕਾਰੀਗਰੀ) ਹੈ। ਵਿਚ

ਵਿਚਕਾਰਲੀ ਸਾਨਈ ਖੇਡ ਸਭ ਕਰਤਾਰ ਦੀ ਕੀਤੀ ਵਰਤਦੀ ਹੈ । ਇਸ ਕੁਦਰਤੀ ਗੋਝ ਵਿਚਿ ਗਿਝੀ ਹੋਈ ਅਤੇ ਗਿਝ ਕੇ ਮਟਰੋੜ ਹੋਈ ਵੀ ਇਨਸਾਨੀ ਅਲਪੱਗ ਅਕਲ ਵਿਸਮਾਦ ਵਿਚਿ ਨਹੀਂ ਆਉਂਦੀ, ਕਦੇ ਕਦਾਈਂ ਚਕ੍ਰਿਤ ਹੈਰਾਨ ਤਾਂ ਹੁੰਦੀ ਹੈ, ਚਉਂਧੀ ਵਿਚ ਆ ਕੇ 'ਹਉ' ਕਰ ਛਡਦੀ ਹੈ ਤੇ ਕੁਦਰਤਿ ਵਿਚ ਕਰਨਹਾਰ ਕਾਦਰ ਕਰਤਾਰ ਦਾ ਜ਼ਹੂਰ ਨਹੀਂ ਮਹਿਸੂਸ ਕਰਦੀ। ਇਸਤ੍ਰੀ ਪੁਰਸ਼ ਦਾ ਸੰਜੋਗ ਭੋਗ ਹੁੰਦਾ ਹੈ। ਓਹ ਆਪੋ ਆਪਣੀ ਕਾਮ ਕਾਮਨਾ ਅਰਥ ਭੋਗ ਭੋਗ ਭੋਗ ਕੇ ਲਾਂਭੇ ਹੁੰਦੇ ਹਨ । ਪਰ ਓਹਨਾਂ ਨੂੰ ਰਾਈ ਮਾਤਰ ਭੀ ਮਹਿਸੂਸ ਨਹੀਂ ਹੁੰਦਾ ਕਿ ਕਿਵੇਂ ਗਰਭ ਹੁੰਦਾ ਹੈ, ਕਿਵੇਂ ਬਿੰਦ ਤੋਂ ਪਿੰਡ ਬਣਦਾ ਹੈ, ਕਿਵੇਂ ਉਸ ਬਣੇ ਪਿੰਡ ਪੁਤਲੇ ਅੰਦਰਿ ਜਾਨ ਪੈਂਦੀ ਹੈ, ਕਿਵੇਂ ਜੀਵ-ਸੱਤਾ ਮਿਲਦੀ ਹੈ, ਕਿਵੇਂ ਗਰਭ-ਕੁੰਟ ਦੀ ਅਗਨੀ ਤੋਂ ਜੀਵ ਬਚ ਕੇ ਮਾਤਾ ਦੇ ਉਦਰ ਵਿਚਿ ਪਾਲਣਾ ਪੋਸਨਾ ਪਾਉਂਦਾ ਹੈ। ਇਸ ਸਾਰੀ ਖੇਡ ਵਿਚ ਗੁਪਤ ਹੱਥ ਕਰਨਹਾਰ ਕਰਤਾਰ ਦਾ ਹੈ। ਜਿਵੇਂ ਉਹ ਅਗਮ ਅਗੋਚਰ ਅਤੇ ਨਿਰਾਲਮ ਹੈ, ਤਿਵੇਂ ਉਸ ਦੀ ਖੇਡ, ਕਾਦਰ ਦੀ ਕੁਦਰਤਿ ਭੀ ਅਗੰਮ ਹੈ। ਅਲਪੱਗ ਇਨਸਾਨੀ ਅਕਲ ਦੀ ਪਹੁੰਚ ਤੋਂ ਅਗੋਚਰ ਹੈ। ਇਸ ਅ-ਸ਼ਕਤਤਾ (ਬਲ-ਹੀਨਤਾ) ਵਿਚ ਜੰਮਿਆ ਪਲਿਆ, ਜੋ ਆਪਣੀ ਸੰਮ੍ਹਾਲ ਆਪ ਨਹੀਂ ਕਰ ਸਕਦਾ, ਕੀ ਡੀਂਗ ਮਾਰ ਸਕਦਾ ਹੈ ਕਿ ਉਸ ਨੇ ਆਪਣੇ ਕਰਤੱਵ ਨਾਲ ਹੀ ਇਹ ਇਨਸਾਨੀ ਸੂਰਤ ਅਖਤਿਆਰ ਕੀਤੀ ਹੈ। ਜੀਵ ਦੇ ਕਰਮਾਂ ਵਿਚ ਭੀ ਅਲਪੰਗ ਜੀਵ ਦੀ ਕੂੜ ਕਮਾਈ ਸਮਾਈ ਨਹੀਂ ਚਲਦੀ। ਅਲਪੱਗ ਅਕਲ ਦੀ ਸੁਕਰਮਾਂ ਦੀ ਸੁਫਲ ਫਲਾਣੀ ਖੇਡ ਵਿਚ ਕੱਖ ਭੀ ਚਾਰਾ-ਜੋਈ ਨਹੀਂ ਹੋ ਸਕਦੀ। ਹਾਂ, ਨਿਬੇੜਾ ਉਸ ਦੇ ਕਰਮ ਤੇ ਹੁੰਦਾ ਹੈ। ਓੜਕ ਦੀ ਫਲ-ਪਰਤੁਠਤਾ ਓਸ ਦੇ ਕਰਮਾਂ ਅਨੁਸਾਰ ਹੀ ਨਿਬੜਦੀ ਹੈ।

ਜੀਵ ਨੂੰ ਉਸ ਦੇ ਅੰਧੇ ਕੰਮਾਂ ਦੀ ਅੰਧ ਮਤਿ ਅਨੁਸਾਰ ਕੀਤੇ ਕਰਮਾਂ ਦੀ ਅੰਧੀ ਸਜਾਇ ਜ਼ਰੂਰ ਮਿਲਦੀ ਹੈ; ਉਸ ਦੀ ਨਿਜ ਘਾਲੀ ਘਾਲ ਸਭ ਅਜਾਈਂ ਹੀ ਜਾਂਦੀ ਹੈ। ਅਲਪੱਗ ਜੀਵ ਨਿਕੰਮੇ ਕੰਮਾਂ ਨੂੰ ਚੰਮ-ਚਿੱਚੜ ਹੋ ਕੇ ਐਵੇਂ ਚਿੰਮੜੇ ਰਹਿੰਦੇ ਹਨ, ਉਸ ਦੇ ਅੰਤੀ ਫਲ ਨੂੰ ਨਹੀਂ ਵਿਚਾਰਦੇ। ਵਿਚਾਰ ਸਕਦੇ ਹੀ ਨਹੀਂ। ਫਲਦਾਈ ਅੰਤ ਫਲ ਸਿੱਟੇ ਨੂੰ ਨਹੀਂ ਵਿਚਾਰਦੇ, ਨਾ ਹੀ ਮੂਲ ਦੀ ਤਹਿ ਤੇ ਜਾਂਦੇ ਹਨ (ਜਾ ਸਕਦੇ ਹੀ ਨਹੀਂ), ਐਵੇਂ ਡਾਲੀ ਨੂੰ ਹੀ ਲਗੇ ਰਹਿੰਦੇ ਹਨ।

ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀਂ ਕੰਮੀ ਅੰਧ ਸਜਾਇ ॥੨॥੪੪॥

[ਆਸਾ ਮ: ੩, ਪੰਨਾ ੩੬੨

ਅੰਧੇ ਅਕਲੀ ਬਾਹਰੇ ਕੰਮ ਭੀ ਅੰਧਲੇ ਹੀ ਹਨ। ਅੰਧੇ ਕੰਮਾਂ ਦੀ ਸਜ਼ਾ ਭੀ ਇਹੋ ਜਿਹੀ ਹੀ ਨਿਬੜਦੀ ਹੈ। ਓੜਕ ਨਿਬੇੜਾ ਕਰਮਾਂ ਉਤੇ ਹੀ ਹੈ। ਮੂੜ੍ਹ ਮਤੀ ਮਨੁੱਖ ਨੂੰ ਚੰਗੇ ਕਰਮਾਂ ਦਾ ਚੰਗਾ ਫਲ ਜਦੋਂ ਮਿਲਦਾ ਹੈ ਤਾਂ ਉਹਨਾਂ ਚੰਗੇ ਫਲ ਵਾਲੇ ਕਰਮਾਂ ਨੂੰ ਆਪਣੇ ਕੀਤੇ ਕਰਮ ਮੰਨਦਾ ਹੈ ਅਤੇ ਮੰਦ-ਸਜ਼ਾਈ ਵਾਲੇ ਕਰਮਾਂ ਦਾ ਦੋਸ਼ ਦੂਜਿਆਂ ਤੇ ਲਾਉਂਦਾ ਹੈ। ਆਪ ਇਨ੍ਹਾਂ ਕਰਮਾਂ ਦਾ ਜ਼ਿੰਮੇਵਾਰ ਸਜ਼ਾ ਦੇਣਹਾਰ ਨੂੰ ਹੀ ਬਣਾਂਦਾ ਹੈ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥

[ਰਾਗ ਆਸਾ ਮ: ੧ ਪਟੀ, ਪੰਨਾ ੪੩੩

ਆਪਣਾ ਕੀਤਾ ਆਪ ਹੀ ਪਾਉਣਾ ਪੈਂਦਾ ਹੈ। ਇਹੋ ਤਾਂ ਸਿਰੋ ਸਿਰ ਕਰਮਾਂ ਤੇ ਨਿਬੇੜੇ ਦਾ ਪਰਪੱਕ ਅਸੂਲ ਹੈ, ਜੋ ਐਨ ਗੁਰਮਤਿ ਅਨਕੂਲ ਹੈ। ਜਿਹੀ ਕਰਨੀ ਤਿਹੀ ਭਰਨੀ ਵਾਲੇ ਕਰਮ-ਨਿਬੇੜੇ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ—

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥ [ਆਸਾ ਦੀ ਵਾਰ, ਪੰਨਾ ੪੭੪

ਭਾਵ, ਸਦਾ ਕਰਣੀ, ਸਿਫਤ-ਸਲਾਹ ਨਾਮ ਅਭਿਆਸ ਰੂਪੀ ਸ਼ੁਭ ਕਰਣੀ ਹੀ ਹੈ। ਸਲਾਹੁਣ ਯੋਗ ਸੱਚੇ ਸਲਾਹੀ ਸਾਹਿਬ ਦੀ ਸਿਮਰਨ ਰੂਪੀ ਸੇਵਾ, ਸਦਾ ਤੋੜ-ਨਿਭਣੀ ਸੇਵਾ ਹੀ ਸਫਲ ਸੁਕਰਣੀ ਹੈ ਅਤੇ ਤੋੜ ਨਿਭਣੇ ਸੱਚੇ ਸੁਖ, ਆਤਮ ਸੁਖ ਦਾ ਮੂਲ ਕਾਰਨ ਹੈ ਅਤੇ ਬੁਰੇ ਕੰਮਾਂ ਦੀ ਬੁਰੀ ਘਾਲਣਾ ਕੀਤੀ ਦੁਆਰਾ ਖੋਟੀ ਕਰਮ ਕਮਾਈ ਖੋਟੇ ਅਤੇ ਬੁਰੇ ਕਰਮ-ਫਲਾਂ ਦੀ ਹੀ ਸਜਾਇ-ਦਾਤੀ ਹੈ। ਆਪੋ ਆਪਣੀ ਕਰਣੀ ਦਾ ਕੀਤਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਜੇ ਗੱਲ ਨਿਸ਼ਚਿਤ ਹੋਵੇ ਕਿ ਆਪਣਾ ਕੀਤਾ ਆਪਿ ਅਵੱਸ਼ ਹੀ ਪਾਉਣਾ ਪੈਂਦਾ ਹੈ ਤਾਂ ਘਾਲ ਬੁਰੀ ਕਿਉਂ ਘਾਲੀ ਜਾਵੇ, ਬੁਰੇ ਕਰਮਾਂ ਰੂਪੀ ਬੁਰੀ ਕਰਣੀ ਕਿਉਂ ਕੀਤੀ ਜਾਵੇ ? ਮੰਦੇ ਕੰਮਾਂ (ਕਰਮਾਂ) ਦਾ ਮੰਦਾ ਨਤੀਜਾ ਜ਼ਰੂਰ ਨਿਕਲਣਾ ਹੈ। ਜੇ ਇਹ ਗੱਲ ਨਿਸਚੇ ਹੋਵੇ ਅਤੇ ਦੂਰ-ਅੰਦੇਸ਼ੀ ਵਾਲੀ ਲੰਮੀ ਨਜ਼ਰ ਨਾਲਿ ਨਿਹਾਰ ਕੇ ਦੇਖਿਆ ਜਾਵੇ ਕਿ ਮੰਦੀਂ ਕੰਮੀਂ ਕੀਤਾ ਕਰਮਿਆ ਨਤੀਜਾ ਜਦ ਕਦ ਮੰਦਾ ਹੁੰਦਾ ਹੈ, ਤਾਂ ਤੇ ਐਸੀ ਲੰਮੀ ਸੋਚ ਵਾਲੇ ਪੁਰਸ਼ਾਂ ਨੂੰ ਮੰਦਾ ਕਰਮ ਮੂਲੋਂ ਹੀ ਨਹੀਂ ਕਰਨਾ ਚਾਹੀਦਾ। ਕਰਮਾਂ ਦੀ ਬਾਜ਼ੀ ਦਾ ਐਸਾ ਪਾਸਾ ਢਾਲਣਾ ਚਾਹੀਦਾ ਹੈ, ਜਿਸ ਨੂੰ ਕਿ ਸੱਚੇ ਸਾਹਿਬ ਦੁਆਰੇ ਹਾਰ ਕੇ ਨਾ ਜਾਈਐ। ਸੱਚੇ ਸਾਹਿਬ ਨਾਲਿ ਸੱਚੀ ਸਿਫਤਿ ਸਾਲਾਹ ਸੁਕ੍ਰਿਤ ਕਰਣੀ ਹੀ ਐਸੀ ਬਾਜ਼ੀ ਲਾਉਣੀ ਚਾਹੀਦੀ ਹੈ, ਜਿਸ ਦੁਆਰਾ ਜਿੱਤ ਕੇ ਹੀ ਜਾਈਏ ਅਤੇ ਸੱਚੇ ਸਾਹਿਬ ਦੇ ਦਰਬਾਰਿ ਜਾ ਪਰਵਾਣ ਪਈਏ। ਇਉਂ ਮਾਨੁਖਾ ਜਨਮ ਨੂੰ ਸਫਲਾ ਤੇ ਸੁਹੇਲਾ ਕਰ ਜਾਈਐ। ਸੱਚੇ ਲਾਹੇ ਵਾਲੀ ਘਾਲ ਸੇਵਾ ਕਮਾਈ, ਸੱਚੜੀ ਸਿਫਤਿ ਸਾਲਾਹੀ ਕਰਮ ਰੂਪੀ ਗੁਰਮਤਿ ਨਾਮ ਅਭਿਆਸ ਕਮਾਈ ਹੈ ਅਤੇ ਨਾਮ ਦੇ ਲਾਹੇ ਵਾਲੀ ਬਾਜ਼ੀ ਲਾਉਣੀ ਹੀ ਸਫਲ ਕਮਾਈ ਹੈ। ਜਿਤਨੇ ਭੀ ਸੰਸਾਰ ਦੇ ਜੀਆ-ਜੰਤ ਹਨ, ਸਾਰੇ ਹੀ ਆਪੋ ਆਪਣੇ ਕਰਮਾਂ ਦੀ ਭੁਗਤਣੀ ਭੁਗਤਦੇ ਹਨ ਅਤੇ ਉਹਨਾਂ ਉਹਨਾਂ ਕਰਮਾਂ ਵਿਚਿ ਹੀ ਪਰਵਿਰਤ ਹੁੰਦੇ ਹਨ ਜੋ ਪੂਰਬਲੇ ਕਿਰਤ ਕਰਮਾਂ ਦੀ ਭੁਗਤਣੀ ਭੁਗਤਾਉਣੇ ਹੁੰਦੇ ਹਨ। ਸਾਰੇ ਆਨਮਤ ਕਰਮਾਂ ਦਾ ਅੰਤ ਏਹੀ ਹੁੰਦਾ ਹੈ ਕਿ ਮੁੜਿ ਮੁੜਿ ਜੋਨੀ ਪਾਇਨੇ ਕਰਮ-ਸਜ਼ਾਈਆਂ ਹੀ ਭੋਗਣੀਆਂ ਪੈਂਦੀਆਂ ਹਨ, ਅਨਿਕ ਜੂਨੀਆਂ ਦੇ ਜੀਅ-ਜੰਤ ਜਿਥੇ ਭੀ ਦੇਖੋ, ਆਪੋ ਆਪਣੇ ਕਰਮਾਂ ਵਿਚਿ ਲਗੇ ਹੋਏ ਹਨ। ਆਪਣੇ ਆਪ ਨਹੀਂ ਲਗੇ, ਨਿਜ ਕਰਮਾਂ ਦੀ ਗਤੀ ਅਨੁਸਾਰ ਪੂਰਬਲੀ ਕਰਮ ਭੋਗ ਭਾਗਤੀ ਲਿਖਤ ਅਨੁਸਾਰ ਹੀ ਲਾਏ ਹੋਏ ਹਨ। ਨਾਨਾ ਪ੍ਰਕਾਰੀ ਕਰਮਾਂ ਵਿਚ ਲਗ ਕੇ, ਰਚ ਮਿਚ ਕੇ ਖੱਜਲ ਹੋਏ ਪਏ ਹਨ। ਇਹ ਆਨਮਤ ਕਰਮ ਸੁਖ-ਫਲ ਦਾਤੇ ਕਦੇ ਭੀ ਨਹੀਂ, ਕਰਮਾਂ ਦੇ ਗੇੜ ਵਿਚਿ ਹੀ ਭੁਆਉਂਦੇ ਫਿਰਦੇ ਹਨ। ਕਰਮ-ਗਤੀ ਕਰਮ-ਸਜਾਈ (ਸਜਾ ਰੂਪੀ ਕਰਮ) ਕਮਾਉਂਦੇ ਫਿਰਦੇ ਹਨ। ਆਨਮਤ ਕਰਮ ਕੀਤਿਆਂ ਕਾਲ-ਫਾਸ ਵਿਚਿ ਅਜਿਹੇ ਪਈਦਾ ਹੈ ਕਿ ਜਿਸ ਤੋਂ ਛੁਟਣ ਦਾ ਉਪਾਵ ਕੋਈ ਸੁਝਦਾ ਹੀ ਨਹੀਂ, ਜਿਸ ਤੋਂ ਛੁਟਣ ਦੀ ਕੋਈ ਬਿਧੀ ਬਣਦੀ ਹੀ ਨਹੀਂ। ਮੁੜਿ ਮੁੜਿ ਜੋਨੀਆਂ ਵਿਚਿ ਭਰਮਦੇ ਮੁੜਿ ਮੁੜਿ ਕਾਲ-ਫਾਸ ਵਿਚਿ ਪੈਣਾ ਪੈਂਦਾ ਹੈ। ਅਤੇ ਕਾਲ-ਫਾਸ ਸਹਿਣ ਦੀ ਤੇ ਮੁੜਿ ਮੁੜਿ ਜੂਨੀਆਂ ਵਿਚਿ ਪੈਣ ਦੀ ਬਿਉਂਤ ਕਰਮਾਂ ਅਨੁਸਾਰ ਹੀ ਬਣਦੀ ਹੈ, ਫਸਣ ਦੀ ਅਤੇ ਛੁਟਣ ਦੀ ਬਿਧਿ—

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥੧॥

[ਆਸਾ ਰਵਿਦਾਸ ਜੀਉ, ਪੰਨਾ ੪੮੬

ਕਰਮਾਂ ਦਾ ਖੇਤ ਐਸਾ ਹੈ ਕਿ ਇਸ ਵਿਚਿ ਜਿਹਾ ਕੋਈ ਬੀਜ ਬੀਜਦਾ ਹੈ, ਤਿਹੋ ਹੀ ਫਲ ਲੁਣਦਾ ਹੈ। ਅਕਿਰਤਘਣਾਂ ਨੇ ਵਾਹਿਗੁਰੂ ਤੋਂ ਬੇਮੁਖਤਾਈ ਦਾ ਬੀਜ ਬੀਜਿਆ ਹੈ, ਤਿਸ ਦਾ ਫਲ ਤਿਨ੍ਹਾਂ ਨੂੰ ਇਹ ਮਿਲਦਾ ਹੈ ਕਿ ਉਹ ਜੂਨੀਆਂ ਵਿਚਿ ਪਏ ਭਰਮਦੇ ਫਿਰਦੇ ਹਨ—

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥


www.AKJ.Org

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੰਤੁ ॥੪॥ [ਵਾਰ ਜੈਤਸਰੀ, ਪੰਨਾ ੭੦੬

ਜੇਹਾ ਕੋਈ ਕਰਮ ਕਮਾਵੰਦਾ ਹੈ ਤੇਹਾ ਹੀ ਉਸ ਦਾ ਨਿਬੇੜਾ ਹੁੰਦਾ ਹੈ। ਜੋ ਭਲੇ ਕਰਮ ਕਮਾਵੰਦਾ ਹੈ ਤਾਂ ਉਸ ਦਾ ਅਗੇ ਭਲਾ ਹੋ ਜਾਂਦਾ ਹੈ। ਜੋ ਸਭ ਤੋਂ ਸਰੇਸ਼ਟ ਕਰਮ ਕਰਦਾ ਹੈ ਉਸ ਦਾ ਫਲ ਉਸ ਨੂੰ ਇਹ ਮਿਲਦਾ ਹੈ ਕਿ ਅੰਮ੍ਰਿਤ-ਨਾਮ ਫਲ-ਦਾਤਾ ਦਾ ਵਰਤਾਰਾ ਉਸ ਦੇ ਉਪਰਿ ਆਪਿ ਕਰਮ-ਫਲ-ਦਾਤਾ ਵਾਹਿਗੁਰੂ ਵਰਤਾ ਦਿੰਦਾ ਹੈ—

ਜੇਹੇ ਕਰਮ ਕਮਾਇ ਤੇਹਾ ਹੋਇਸੀ ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥੧॥੪॥੬॥ [ਸੂਹੀ ਮ: ੧, ਪੰਨਾ ੭੩੦

ਜੈਸੀ ਜੋ ਕਿਸੇ ਦੀ ਸੇਵਾ-ਪੂਜਾ ਕਰਦਾ ਹੈ ਤੈਸਾ ਹੀ ਓਹ ਹੋ ਰਹਿੰਦਾ ਹੈ ਅਤੇ ਤੇਹੋ ਜੇਹੇ ਹੀ ਉਹ ਕਰਮ ਕਮਾਉਣ ਲੱਗ ਪੈਂਦਾ ਹੈ। ਇਸ ਬਿਧਿ ਆਪਣਾਂ ਬੀਜਿਆ ਆਪ ਹੀ ਖਾਂਦਾ ਹੈ, ਸ਼ਿਕਵਾ ਕਰਨ ਦੀ ਗੁੰਜਾਇਸ਼ ਹੀ ਕੋਈ ਨਹੀਂ। ਨਿਬੇੜਾ ਕਰਮਾਂ ਉਤੇ ਹੁੰਦਾ ਹੈ। ਜੋ ਜੜ੍ਹ-ਮਤਿ ਲੋਕ ਪਾਹਨ (ਪੱਥਰ) ਦੀ ਪੂਜਾ-ਸੇਵਾ ਕਰਨ ਲੱਗ ਪੈਂਦੇ ਹਨ ਉਨ੍ਹਾਂ ਦੀ ਬੁੱਧੀ ਪੱਥਰ ਸਮਾਨ ਹੋ ਜਾਂਦੀ ਹੈ। ਬੁੱਤ ਦੀ ਪੂਜਾ ਕਰਨਹਾਰਿਆਂ ਦੀ ਹੀ ਜੜ੍ਹ-ਮਤਿ ਹੁੰਦੀ ਹੈ, ਉਹ ਜੜ੍ਹ-ਜੋਨੀਆਂ ਵਿਚਿ ਭਉਂਦੇ ਹਨ, ਓਹਨਾਂ ਦੀ ਕਰਣੀ-ਕਿਸਮਤ ਬੜੀ ਹੀ ਮਾੜੀ ਹੁੰਦੀ ਹੈ। ਨਿਬੇੜਾ ਲਾਜ਼ਮੀ ਕਰਮਾਂ ਅਨੁਸਾਰ ਹੀ ਹੁੰਦਾ ਹੈ। ਉਹਨਾਂ ਦੀ ਘਾਲ ਅਜਾਈਂ ਹੀ ਜਾਂਦੀ ਹੈ—

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥੧੨॥ [ਮ: ੫, ੧੧੬੦
ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥
ਆਪਿ ਬੀਜਿ ਆਪ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥੩੫॥ [ਸੂਹੀ ਮ: ੩, ਪੰਨਾ ੭੫੫

ਕਰਮਾਂ ਦੀ ਫਾਹੀ ਫਾਥੇ ਲੋਗ ਜੋ ਕਰਮ ਕਮਾਉਂਦੇ ਹਨ, ਤੇਹੋ ਜੇਹਾ ਹੀ ਤਿਨ੍ਹਾਂ ਨੂੰ ਫਲ ਮਿਲਦਾ ਹੈ। ਤੇਹਾ ਹੀ ਉਹ ਫਲ ਭੁਗਤਦੇ ਹਨ ਤੇ ਦੋਸ਼ ਆਪਣੇ ਕਰਮਾਂ ਦਾ ਦੂਜਿਆਂ ਨੂੰ ਦਿੰਦੇ ਹਨ। ਇਹ ਉਹਨਾਂ ਦੀ ਅਗਿਆਨ ਕਰਿ ਭੁਲ ਹੈ। ਆਪਣੇ ਕੀਤੇ ਕਰਮ ਆਪ ਹੀ ਬੰਧਨ ਰੂਪ ਹੋ ਜਾਂਦੇ ਹਨ ਤੇ ਕਰਮ ਕਰਨਹਾਰਿਆਂ ਨੂੰ ਬੰਧਨ ਵਿਚਿ ਫਸਾ ਲੈਂਦੇ ਹਨ। ਉਹ ਚੁਰਾਸੀ ਦੇ ਗੇੜ ਵਿਚਿ ਮੋਹੇ ਮਾਇਆ ਦੇ ਧੰਦਿਆਂ ਵਿਚਿ ਹੀ ਲਥ ਪਥ ਹੋ ਜਾਂਦੇ ਹਨ—

ਦੋਸ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥੧॥੧੯॥
[ਰਾਮਕਲੀ ਮ: ੫, ਪੰਨਾ ੮੮੮

ਸਿਫਤਿ ਸਾਲਾਹੀ ਕਰਮ ਕਰੰਤਿਆਂ ਨੂੰ ਭੀ ਤੈਸੀ ਹੀ ਲਿਵ ਪ੍ਰਾਪਤ ਹੁੰਦੀ ਹੈ ਜੈਸੀ ਉਹਨਾਂ ਦੀ ਨਾਮ ਅਭਿਆਸ ਕਮਾਈ ਹੁੰਦੀ ਹੈ। ਜਿਹੜੇ ਗੁਰਮੁਖ ਲੋਗ ਸਤਿਗੁਰੂ ਦੀ ਆਗਿਆ ਅਨੁਸਾਰ ਸਤਿਗੁਰੂ ਦੀ ਦੀਖਿਆ ਦੀ ਪੂਰੀ ਤਰ੍ਹਾਂ ਕਮਾਈ ਕਰਦੇ ਹਨ ਉਹਨਾਂ ਦੀ ਹੀ ਸਹਜ ਘਰ ਵਿਚ ਲਿਵ ਲਗਦੀ ਹੈ। ਯਥਾ ਗੁਰਵਾਕ—

ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥....੩॥੧॥
[ਪ੍ਰਭਾਤੀ ਮ: ੧, ਪੰਨਾ ੧੩੪੨

ਕਈ ਨਾਮੁ ਜਪਣ ਵਾਲੇ ਕਰਮਚਾਰੀ ਅਭਿਆਸੀ ਜਨ ਸ਼ਿਕਵਾ ਸ਼ਿਕਾਇਤ ਕਰਿਆ ਕਰਦੇ ਹਨ ਕਿ ਨਾਮ ਬਥੇਰਾ ਜਪੀਦਾ ਹੈ, ਪਰ ਲਿਵ ਨਹੀਂ ਲਗਦੀ, ਮਨ ਨਹੀਂ ਟਿਕਦਾ, ਸੁਰਤਿ ਨਹੀਂ ਜੁੜਦੀ। ਤਿਨ੍ਹਾਂ ਪ੍ਰਥਾਇ ਹੀ ਤਿਨ੍ਹਾਂ ਦੇ ਉਤਰ ਵਿਚਿ ਇਹ ਗੁਰਵਾਕ ਉਪਰਲਾ ਆਇਆ। ਸੇਵਾ ਸਿਮਰਨ ਤਾਂ ਥੋੜਾ ਹੁੰਦਾ ਹੈ ਤੇ ਫਲ ਬਹੁਤ ਮੰਗਦੇ ਹਨ, ਤਨਕ ਕਮਾਈਆਂ ਕਰਨ ਵਾਲੇ। ਜੈਸੀ ਉਹ ਸਿਮਰਨ ਦੀ ਕਮਾਈ ਕਰਦੇ ਹਨ ਤੈਸੀ ਹੀ ਉਹਨਾਂ ਦੀ ਸੁਰਤੀ ਬਿਰਤੀ ਹੋ ਰਹਿੰਦੀ ਹੈ। ਨਾਮ ਅਤੇ ਨਾਮ ਦੀ ਅੰਭਿਆਸ-ਕਮਾਈ ਪਾਰਸ ਰੂਪ ਹੈ,

 [ਬਾਕੀ ਦੇਖੋ ਸਫ਼ਾ ੧੯ ਤੇ] www.AKJ.Org 

# ਭਗਤੀ ਤੇ ਸ਼ਕਤੀ

[ ਡਾਕਟਰ ਤਾਰਨ ਸਿੰਘ ਜੀ ]

ਕੱਕਾਰਾਂ ਨੂੰ ਧਾਰਨ ਕਰਨਾ ਤੇ ਕੇਸਾਂ ਸੁਆਸਾਂ ਨਾਲ ਨਿਭਾਣਾ, ਭਗਤੀ ਹੈ। ਇਹ ਕਰਤੱਵ ਗੁਰ-ਭਗਤੀ ਹੈ। ਭਗਤੀ ਦਾ ਅਰਥ ਹੈ, ਪ੍ਰੇਮ ਕਰਨਾ। ਜਿਵੇਂ ਅਸੀਂ ਆਪਣੇ ਕਈ ਸੰਸਾਰਕ ਪ੍ਰੇਮੀਆਂ ਦੀਆਂ ਯਾਦਗੀਰੀ ਵਜੋਂ ਦਿੱਤੀਆਂ ਵਸਤਾਂ ਸਾਂਭੀ ਰਖਦੇ ਹਾਂ, ਉਨ੍ਹਾਂ ਨੂੰ ਨਿੱਤ ਕੱਢ ਕੇ ਵੇਖਦੇ ਹਾਂ, ਉਨ੍ਹਾਂ ਨੂੰ ਪਿਆਰ ਕਰਦੇ ਹਾਂ ਤੇ ਉਹਨਾਂ ਰਾਹੀਂ ਆਪਣੇ ਮਿੱਤਰਾਂ ਨੂੰ ਯਾਦ ਕਰਦੇ ਹਾਂ ਤੇ ਉਨ੍ਹਾਂ ਨੂੰ ਆਪਣਾ ਪ੍ਰੇਮ ਪਹੁੰਚਾਂਦੇ ਹਾਂ, ਤਿਵੇਂ ਹੀ ਕੱਕਾਰਾਂ ਨੂੰ ਸਾਂਭਣਾ-ਜਸਾਉਣਾ ਗੁਰ-ਭਗਤੀ ਹੈ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਭਗਤ ਹੀ ਕੱਕਾਰ ਸਾਂਭ ਕੇ ਰੱਖ ਸਕਦਾ ਹੈ, ਹਰ ਕੋਈ ਨਹੀਂ ਸਾਂਭ ਸਕਦਾ।

ਕੱਕਾਰ-ਭਗਤੀ ਨੇ ਸਾਰਾ ਸਿਖ ਇਤਿਹਾਸ ਕਣਾਇਆ ਹੈ। ਕੱਕਾਰ-ਭਗਤੀ ਨੇ ਸਿੱਖਾਂ ਵਿਚ ਸ਼ਕਤੀ ਪੈਦਾ ਕੀਤੀ ਹੈ। ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ :

> ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ ॥
>
> ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ...। (ਅਰਦਾਸ)

ਇਹ ਸ਼ਹੀਦੀ ਕੀ ਸੀ ? ਸ਼ਹੀਦੀ ਕੱਕਾਰ-ਭਗਤੀ ਕਾਰਨ ਸੀ। ਕੱਕਾਰ ਗੁਰੂ-ਭਗਤੀ ਕਾਰਨ ਸਨ। ਸ਼ਹੀਦਾਂ ਦੇ ਸਾਹਮਣੇ ਸਦਾ ਦੋ ਰਾਹ ਹੁੰਦੇ ਸਨ। ਜੇ ਉਹ ਕੱਕਾਰਾਂ ਨੂੰ ਤਿਲਾਂਜਲੀ ਦੇ ਦੇਂਦੇ ਤਦ ਉਹ ਰਾਜ ਪ੍ਰਾਪਤ ਕਰ ਸਕਦੇ ਸਨ। ਪਰ ਉਹਨਾਂ ਕੱਕਾਰ ਗੁਰ-ਭਗਤੀ ਨੂੰ ਨਹੀਂ ਛਡਿਆ ਤੇ ਉਹ ਸ਼ਹੀਦ ਹੋਏ।

ਇਨ੍ਹਾਂ ਸ਼ਹਾਦਤਾਂ ਨੇ ਸ਼ਹੀਦਾਂ ਦੀ ਆਤਮਾ ਨੂੰ ਤੇ ਬਲ ਦੇਣਾ ਹੀ ਸੀ, ਸਗੋਂ ਇਨ੍ਹਾਂ ਨਾਲ ਸਾਰੇ ਪੰਥ ਨੂੰ ਬਲ ਪ੍ਰਾਪਤ ਹੋਇਆ। ਇਨ੍ਹਾਂ ਸ਼ਹਾਦਤਾਂ ਨੂੰ ਵੇਖ ਕੇ ਹੋਰ ਧਰਮਾਂ ਨੂੰ ਬਲ਼ ਪ੍ਰਾਪਤ ਹੋਇਆ ਤੇ ਇਨ੍ਹਾਂ ਕਾਰਨ ਹੀ ਸੰਸਾਰ ਦਾ 'ਅਹਿੰਸਾ' ਦੀ ਮਹਾਨਤਾ ਵਿਚ ਵਿਸ਼ਵਾਸ ਬੱਝਾ।

ਸ਼ਬਦ ਦਾ ਵਿਚਾਰ ਭਗਤੀ ਹੈ, ਇਹ ਵੀ ਗੁਰ-ਭਗਤੀ ਹੈ। ਸ਼ਬਦ-ਭਗਤੀ ਨੇ ਅਥਾਹ ਸ਼ਕਤੀ ਪੈਦਾ ਕੀਤੀ ਹੈ। ਨਿਰਸੰਦੇਹ 'ਸ਼ੁਭ ਕਰਮ' ਲਈ ਰਣ ਵਿਚ ਜੂਝ ਜਾਣ ਵਾਲਾ ਪੁਰਸ਼ ਸ਼ਹੀਦ ਹੁੰਦਾ ਹੈ। ਬੀਰਤਾ ਇਕ ਭਗਤੀ ਦਾ ਹੀ ਰੂਪ ਹੈ। ਪਰ ਵਿਚਾਰ ਵਾਲੀ ਗੱਲ ਇਹ ਹੈ ਕਿ ਕੋਈ ਸੂਰਮਾ ਕਿਉਂ ਰਣ ਵਿਚ ਜੂਝਦਾ ਹੈ, ਉਸ ਵਿਚ ਇਹ ਸ਼ਕਤੀ ਕਿਵੇਂ ਪੈਦਾ ਹੁੰਦੀ ਹੈ ? ਸਪੱਸ਼ਟ ਹੈ ਕਿ ਇਸ ਸ਼ਕਤੀ ਦੀ ਉਪਜ ਸ਼ਬਦ-ਭਗਤੀ ਵਿਚੋਂ ਹੁੰਦੀ ਹੈ, ਬਾਣੀ ਦੀ ਡੂੰਘੀ ਵਿਚਾਰ ਵਿਚੋਂ ਹੁੰਦੀ ਹੈ। ਸ਼ਬਦ-ਭਗਤੀ ਨਾਲ ਪਤਾ ਲੱਗਦਾ ਹੈ ਕਿ ਆਤਮਾ ਤੇ ਮਰਨ ਵਾਲੀ ਚੀਜ਼ ਨਹੀਂ, ਕੇਵਲ ਸਰੀਰ ਮਰਦਾ ਹੈ ਜੋ ਪਉਣ, ਪਾਣੀ, ਅਗਨੀ ਦਾ ਮੇਲ਼ ਹੁੰਦਾ ਹੈ। ਸਰੀਰ ਵੀ ਕਿੱਥੇ ਮਰਦਾ ਹੈ ? ਕੇਵਲ ਹੰਕਾਰ ਮਰਦਾ ਹੈ, ਹਉਮੈ ਬਿਨਸਦੀ ਹੈ ਤੇ ਜਦੋਂ ਇਹ 'ਸੁਰਤਿ ਬਾਦੁ ਅਹੰਕਾਰੁ' ਮਰਦੇ ਹਨ ਤਾਂ ਬ੍ਰਹਮ ਦਿਸ ਪੈਂਦਾ ਹੈ ਤੇ ਸਦੀਵੀ ਜੀਵਨ ਪ੍ਰਾਪਤ ਹੁੰਦਾ ਹੈ। ਫਿਰ ਸ਼ਹੀਦ ਹੋਣ ਤੋਂ ਡਰ ਕੀ ਹੋਇਆ ? ਸ਼ਹਾਦਤ ਤੇ ਮਨੁੱਖ ਨੂੰ ਕਰਮ ਖੰਡ ਦਾ ਭਾਗੀ ਬਣਾਂਦੀ ਹੈ।

ਕੀਰਤਨ-ਭਗਤੀ ਵੀ ਸ਼ਬਦ-ਭਗਤੀ ਦਾ ਇਕ ਉੱਤਮ ਸਰੂਪ ਹੈ।

ਨਾਮ-ਭਗਤੀ, ਭਗਤੀ ਦਾ ਉੱਚਤਮ ਸਰੂਪ ਹੈ। ਨਾਮ-ਭਗਤੀ ਨੇ ਹੀ ਬਾਣੀ ਪੈਦਾ ਕੀਤੀ ਹੈ। ਬਾਣੀ ਹੀ ਨਾਮ-ਭਗਤੀ ਦੇ ਅਥਾਹ ਬਲ ਦਾ ਸਬੂਤ ਹੈ। ਗੁਰ-ਇਤਿਹਾਸ ਨਾਮ-ਭਗਤੀ ਦੇ ਅਥਾਹ ਬਲ ਦਾ ਸਬੂਤ ਹੈ, ਸ਼ਹੀਦਾਂ ਦਾ ਇਤਿਹਾਸ ਨਾਮ-ਭਗਤੀ ਨਾਲ ਉਪਜਣ ਵਾਲੀ ਸ਼ਕਤੀ ਦਾ ਪਰਤੱਖ ਸਬੂਤ ਹੈ। ਨਾਮਦੇਵ, ਰਵਿਦਾਸ, ਕਬੀਰ ਆਦਿ ਭਗਤਾਂ ਦੇ ਜੀਵਨ ਨਾਮ-ਭਗਤੀ ਦਾ ਸਬੂਤ ਹਨ। ਧ੍ਰੂਅ ਤੇ ਪ੍ਰਹਿਲਾਦ ਦੀ ਭਗਤੀ ਸ੍ਰੇਸ਼ਟ ਮੰਨੀ


www.AKJ.Org

ਗਈ ਹੈ। ਪ੍ਰਹਿਲਾਦ ਵਿਚ ਨਾਮ-ਭਗਤੀ ਨੇ ਸ਼ਕਤੀ ਪੈਦਾ ਕੀਤੀ :

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ ਉਪਾਰਿ ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥੪॥
ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥
ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥ (ਭੈਰਉ ਮ: ੩, ਪੰਨਾ ੧੧੩੩

ਕੀ ਪਰਯੋਜਨ ਸੀ ਭਗਤੀ ਤੇ ਸ਼ਕਤੀ ਨੂੰ ਇਕੱਠਾ ਕਰਨ ਵਿਚ ? ਇਸ ਪ੍ਰਸ਼ਨ ਦਾ ਉੱਤਰ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲੋਚਾ ਵਿਚੋਂ ਵੇਖਦੇ ਹਾਂ। 'ਭਗਤੀ' ਤੇ 'ਸ਼ਕਤੀ' ਨੂੰ ਇਕੱਠਾ ਕਰ ਕੇ ਖਾਲਸੇ ਨੇ ਸੰਸਾਰ ਲਈ ਕੁਝ ਕਰਨਾ ਹੈ। ਖਾਲਸਾ ਦਾ ਭਾਵ ਹੀ ਹੈ ਪਰਮਾਤਮਾ ਦੀ ਆਪਣੀ ਸੈਨਾ। ਜਿਵੇਂ 'ਖਾਲਸਾ ਜਮੀਨਾ' ਦਾ ਭਾਵ ਹੈ 'ਸ਼ਾਹੀ ਅਰਾਜ਼ੀ'। ਖਾਲਸਾ ਵਾਹਿਗੁਰੂ ਦੀ ਫ਼ੌਜ ਹੈ ਤੇ ਸੰਸਾਰ ਤੇ ਉਸ ਨੇ ਸਦਾ ਹੀ ਕੋਈ ਕਰਮਾਂ ਕਰਨਾ ਹੈ, ਨਿਆਂ ਲਈ, ਧਰਮ ਲਈ। ਕਿਉਂਕਿ ਸੈਨਾਪਤੀ, ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਦਾ ਵਿਸ਼ੇਸ਼ ਹੁਕਮ ਲੈ ਕੇ ਵਿਸ਼ੇਸ਼ ਕਾਰਜ ਸਾਧਣ ਲਈ ਹੀ ਜਗਤ ਵਿਚ ਆਏ ਸਨ। 'ਸ਼ੁਭ ਕਰਮਨ' ਹੀ ਖਾਲਸੇ ਦਾ ਕੰਮ ਹੈ:

ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰ ਸਿਖ ਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉ ਗਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥
(ਚੰਡੀ ਚਰਿਤ੍ਰ ਉਕਤ ਬਿਲਾਸ)

ਇਸ ਸਵੱਯੇ ਵਿਚ ਗੁਰੂ ਸਾਹਿਬ ਨੇ ਸੰਤ-ਸਿਪਾਹੀ ਦਾ ਆਦਰਸ਼ ਚਿਤਰਿਆ ਹੈ ਤੇ ਇਹ ਆਦਰਸ਼ ਨਿਭਾਇਆ ਤਦ ਜਾ ਸਕਦਾ ਹੈ ਜੇ ਭਗਤੀ ਤੇ ਸ਼ਕਤੀ ਇਕੱਠੇ ਹੋਣ। ਇਸ ਸਵੱਯੇ ਵਿਚ ਦਿੱਤੇ ਅੰਤਰੀਵ ਭਾਵ ਇਸ ਤਰਾਂ ਹਨ :

(੧) ਉੱਤਮ ਜੀਵਨ ਆਦਰਸ਼ ਹੀ ਉੱਤਮ ਧਰਮ ਹੈ ਤੇ ਉੱਤਮ ਆਦਰਸ਼ ਦਾ ਨਿਸਚਿਤ ਕਰ ਲੈਣਾ ਹੀ ਪ੍ਰਭੂ ਦੀ ਮਹਾਨ ਕਿਰਪਾ ਹੈ। ਉੱਤਮ ਆਦਰਸ਼ ਇਹ ਹੈ ਕਿ :

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥
(ਬਚਿਤ੍ਰ ਨਾਟਕ, ਪੰਨਾ ਅਧਿ: ੬)

(੨) ਜੀਵਨ ਦਾ ਉੱਤਮ ਆਦਰਸ਼ ਹੈ : 'ਸੁਭ ਕਰਮਨ ਤੇ ਕਬਹੂ ਨ ਟਰੋਂ ॥' ਭਾਵ, ਜਦੋਂ ਕਿਤੇ ਨਿਆਂ ਤੇ ਅਨਿਆਂ ਦਾ ਘੋਲ ਹੋਵੇ, ਨਿਆਂ ਵੱਲ ਆਪਣਾ ਭਾਰ ਪਾਣਾ ਹੀ ਉੱਤਮ ਆਦਰਸ਼ ਹੈ। ਸੱਚ ਤੇ ਝੂਠ ਵਿਚੋਂ ਨਿਰਣਾ ਕਰ ਕੇ ਸੱਚ ਦਾ ਪੱਖ ਕਰਨਾ ਹੀ ਉੱਤਮ ਆਦਰਸ਼ ਹੈ।

(੩) ਭਾਵ, ਬੁਰਾਈ ਦਾ ਟਾਕਰਾ ਕਰਨਾ ਬੜਾ ਉੱਤਮ ਕਰਮ ਹੈ, ਕਿਉਂਕਿ :

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥੧੨॥
[ਕਬਜੋ ਬਾਚ ਬੇਨਤੀ, ਚੌਪਈ ਪਾ: ੧੦

ਜਦੋਂ ਬੁਰਾਈ ਸੰਤਾਂ ਨੂੰ ਦੁਖੀ ਕਰਦੀ ਹੈ ਤਾਂ ਪਰਮਾਤਮਾ ਦੁਖੀ ਹੁੰਦਾ ਹੈ। ਸੰਤ-ਸਿਪਾਹੀ ਨੇ ਹਰ ਤਰ੍ਹਾਂ


www.AKJ.Org

ਦੀ ਸਮਾਜ ਵਿਚ ਪਸਰੀ ਬੁਰਾਈ ਦਾ ਟਾਕਰਾ ਕਰਨਾ ਹੈ। ਇਹ ਉਹ ਹੀ ਕਰ ਸਕਦਾ ਹੈ ਜਿਸ ਨੇ ਆਪਣੇ ਅੰਦਰ ਸ਼ਕਤੀ ਪੈਦਾ ਕੀਤੀ ਹੈ। ਆਪਣੇ ਅੰਦਰ ਸ਼ਕਤੀ ਭਗਤੀ ਨਾਲ ਪੈਦਾ ਹੁੰਦੀ ਹੈ।

(੪) ਬੁਰਾਈ ਦਾ ਟਾਕਰਾ ਕਰਨਾ 'ਸ਼ੁਭ ਕਰਮ' ਹੈ। ਪਰ ਇਹ ਸ਼ੁਭ ਕਰਮ ਕਰਨ ਲਈ ਸਿਖ ਵਿਚ ਜੁਰਅੱਤ ਕਿਵੇਂ ਪੈਦਾ ਹੋਵੇ ? ਭਗਤੀ ਕਰ ਕੇ । ਤਾਂ ਤੇ ਇਸ ਸਵਯੇ ਵਿਚ ਭਗਤੀ ਦਾ ਭਾਵ ਇਸ ਤਰ੍ਹਾਂ ਹੈ :

(ੳ) ਅਹਿੰਸਾਵਾਦ ਸਿਖ ਦਾ ਆਦਰਸ਼ ਨਹੀਂ, ਨਾ ਹੀ ਹਿੰਸਾਵਾਦ ਉਸ ਦਾ ਆਦਰਸ਼ ਹੈ। ਹਿੰਸਾ ਕਿਸੇ ਵੇਲੇ ਅਹਿੰਸਾ ਹੁੰਦੀ ਹੈ ਤੇ ਅਹਿੰਸਾ ਹਿੰਸਾ। ਸਮੇਂ ਸਿਰ ਧਰਮ ਨੂੰ ਨਿਭਾ ਸਕਣਾ ਹੀ ਆਦਰਸ਼ ਹੈ। ਸ਼ੁਭ ਕਰਮਨ ਲਈ ਹਿੰਸਾ ਵੀ ਕਰਨੀ ਪੈਂਦੀ ਹੈ। ਬੁਰਾਈ ਦਾ ਟਾਕਰਾ ਕਰਨ ਵਿਚ ਕੀਤੀ ਹਿੰਸਾ ਵੀ ਭਗਤੀ ਹੈ। ਸ਼ਕਤੀ ਦੀ ਯੋਗ ਸਮੇਂ ਵਰਤੋਂ ਦੀ ਜਾਚ ਭਗਤੀ ਵਿਚੋਂ ਪੈਦਾ ਹੁੰਦੀ ਹੈ :

੧, ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ ॥੨੨॥ (ਜ਼ਫ਼ਰਨਾਮਹ ਪਾ: ੧੦
੨. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥੨੩੧॥

ਹੇ ਪਿਤਾ ! ਮੈਂ ਕਦੇ ਸ਼ੁਭ ਕਰਮ ਕਰਨ ਦੇ ਮੌਕੇ ਤੋਂ ਨਾ ਖੁੰਝਾਂ।

(ਅ)ਨਿਡੱਰਤਾ ਹੀ ਇਹ ਸਾਹਸ ਮਨੁੱਖ ਵਿਚ ਪੈਦਾ ਕਰਦੀ ਹੈ : 'ਨਾ ਡਰੋਂ ਅਰਿ ਸੋ, ਜਬ ਜਾਇ ਲਰੋਂ'। ਨਿਰਭੈਤਾ ਪਰਮਾਤਮਾ ਦਾ ਗੁਣ ਹੈ। ਨਿਰਵੈਰ ਮਨੁੱਖ ਹੀ ਨਿਰਭਉ ਹੋ ਸਕਦਾ ਹੈ। 'ਸ਼ੁਭ ਕਰਮਨ' ਵਾਲਾ ਕਿਸੇ ਨਾਲ ਵੈਰ ਕਰ ਕੇ ਹਿੰਸਾ ਨਹੀਂ ਕਰਦਾ। ਸਿਖ ਨਿਰਵੈਰ ਹੈ ਤੇ ਇਸ ਲਈ ਨਿਰਭਉ ਹੈ। ਇਹ ਭਗਤੀ ਹੈ ਕਿ ਉਹ ਵੈਰ ਕੱਢਣ ਲਈ ਸ਼ਕਤੀ ਦੀ ਵਰਤੋਂ ਨਹੀਂ ਕਰਦਾ।

(ੲ) ਜਿੱਤ ਦਾ ਨਿਸਚਾ ਹੀ ਸ਼ੁਭ ਕਰਮਨ ਦੀ ਜੁਰਅੱਤ ਪੈਦਾ ਕਰਦਾ ਹੈ : 'ਨਿਸਚੈ ਕਰ ਅਪਨੀ ਜੀਤ ਕਰੋਂ ॥' ਸ਼ੁਭ ਕਰਮ ਕਰਨ ਵਾਲਾ ਹਾਰ ਨਹੀਂ ਸਕਦਾ। ਖਾਲਸਾ ਸ਼ੁਭ ਕਰਮ ਕਰਦਾ ਹੈ। ਇਸ ਲਈ ਉਹ ਜਾਣਦਾ ਹੈ ਤੇ ਉਸਦਾ ਵਿਸ਼ਵਾਸ ਹੈ :

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

'ਅੰਮ੍ਰਿਤ' ਇਹ ਵਿਸ਼ਵਾਸ ਉਸਦੇ ਅੰਦਰ ਉਤਪੰਨ ਕਰਦਾ ਹੈ।

(ਸ) ਸਿਖ ਮਨ ਜ਼ਬਤ ਵਾਲਾ ਮਨ ਹੈ ਤੇ ਬੜਾ ਜ਼ਬਤ ਵਾਲਾ ਮਨ ਹੀ ਸ਼ੁਭ ਕਰਮਾਂ ਵਿਚ ਲੱਗ ਸਕਦਾ ਹੈ : 'ਅਰੁ ਸਿਖ ਹੋਂ ਅਪਨੇ ਹੀ ਮਨ ਕੌ' ਜ਼ਬਤ ਸ਼ਕਤੀ ਹੈ।

(ਹ) ਜ਼ਬਤ ਵਾਲਾ ਮਨ ਗੁਣਾਂ ਵਾਲਾ ਮਨ ਹੈ ਤੇ ਗੁਣ ਭਗਤੀ ਕਰਕੇ ਪੈਦਾ ਹੁੰਦੇ ਹਨ। ਇਸ ਲਈ, ਇਹ ਲਾਲਚ ਹਉ ਗੁਨ ਤਉ ਉਚਰੋਂ' ॥ ਗੁਣ ਉਚਾਰਨ ਕਰਨਾ ਭਗਤੀ ਹੈ।

(ਕ) ਸ਼ੁਭ ਕਰਮਾਂ ਵਿਚ ਉਹ ਲੱਗ ਸਕਦਾ ਹੈ ਜੋ ਉਸ ਲਈ ਅੰਤਮ ਕੁਰਬਾਨੀ ਤੀਕ ਕਰਨ ਲਈ ਤਿਆਰ ਰਹਿੰਦਾ ਹੈ :

ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥

ਇਹ ਹੀ ਸ਼ਹਾਦਤ ਦਾ ਸਿਧਾਂਤ ਹੈ। ਸ਼ੁਭ ਕਰਮ ਲਈ ਜਾਨ ਤੀਕ ਦੀ ਕੁਰਬਾਨੀ ਕਰ ਸਕਣਾ ਭਗਤਾ ਹੈ। ਭਗਤੀ ਤੇ ਸ਼ਕਤੀ ਇਕੱਠੇ ਰਹਿੰਦੇ ਹਨ। ਪਰ ਭਗਤੀ ਪਹਿਲਾਂ ਆਉਂਦੀ ਹੈ, ਮਗਰੋਂ ਸ਼ਕਤੀ ਆਉਂਦੀ ਹੈ :

ਸੋ ਇਸ ਸਵਯੇ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦਾ ਪਤਾ ਲੱਗਦਾ ਹੈ, ਸਿਖ ਧਰਮ ਦੀ ਆਦਰਸ਼ ਪਤਾ ਲੱਗਦਾ ਹੈ, ਸਿਖ ਇਤਿਹਾਸ ਦੀ ਬੁਨਿਆਦ ਦਾ ਪਤਾ ਲੱਗਦਾ ਹੈ, ਸਿੱਖਾਂ ਦੀ ਨਿਖੜਵੀਂ ਹਸਤੀ ਦਾ ਅਹਿਸਾਸ ਹੁੰਦਾ ਹੈ ਅਤੇ ਇਹ ਪਤਾ ਲਗਦਾ ਹੈ ਕਿ ਖਾਲਸੇ ਦੀ ਲੋੜ ਸਦਾ ਹੈ, ਕਿਉਂਕਿ ਸ਼ੁਭ ਕਰਮਨ ਦੀ ਲੋੜ ਸਦਾ ਹੈ।

---

[੧੬ ਸਫ਼ੇ ਦੀ ਬਾਕੀ ੧੯ ਸਫ਼ੇ ਦੀ ਥਾਂ ੨੮ ਸਫ਼ੇ ਤੇ ਵੇਖੋ]



www.AKJ.Org

# ਹਰਿ ਦੀਬਾਣਹੁ ਕੋਈ ਕਿਥੈ ਜਾਇਆ ?

ਨੋਟ ।—ਇਹ ਲੇਖ ਸ: ਭਾਨ ਸਿੰਘ ਜੀ ਨੇ 'ਗੁਰਦੁਆਰਾ ਗਜ਼ਟ' ਦੇ ਐਡੀਟਰ ਹੋਣ ਸਮੇਂ ਸਤੰਬਰ ੧੯੮੭ ਦੇ 'ਗੁਰਦੁਆਰਾ ਗਜ਼ਟ' ਵਿਚ ਲਿਖਿਆ ਜੀ । ਇਸ ਲੇਖ ਵਿਚ ਦਿਤੇ 'ਸੱਚ' ਨੂੰ ਕਦੇ ਵੀ ਝੁਠਲਾਇਆ ਨਹੀਂ ਜਾ ਸਕਦਾ, ਸਗੋਂ ਠਗੀਆਂ-ਠੋਰੀਆਂ ਮਾਰਨ ਵਾਲਿਆਂ ਅਤੇ ਪਾਪ-ਕਰਮੀਆਂ ਨੂੰ ਸਦਾ ਹੀ ਸੁਚੇਤ ਕਰਦਾ ਰਹੇਗਾ ।

ਦਸੰਬਰ ੧੯੮੭ 'ਸੂਰਾ' ਵਿਚ ਦਿਤੇ ਇਸ ਲੇਖ ਨੂੰ ਦੁਬਾਰਾ ਪ੍ਰਕਾਸ਼ਤ ਕਰ ਰਹੇ ਹਾਂ ਜੀ । [ਸੰਪਾਦਕ

ਆਮ ਵੇਖਣ ਵਿਚ ਆਉਂਦਾ ਹੈ ਕਿ ਮਨੁੱਖ ਅਪਰਾਧ ਕਰਦੇ ਹਨ, ਉਨ੍ਹਾਂ ਤੇ ਮੁਕੱਦਮੇ ਚਲਦੇ ਹਨ, ਪਰ ਅੰਤ ਉਨ੍ਹਾਂ ਵਿਚੋਂ ਕਈ ਬਚ ਜਾਂਦੇ ਹਨ, ਵੇਖਣ ਵਾਲੇ ਹੈਰਾਨ ਹੋ ਜਾਂਦੇ ਹਨ ਕਿ ਅਪਰਾਧੀ ਬਚ ਕਿਵੇਂ ਗਿਆ । ਇਸ ਦੇ ਕਈ ਕਾਰਨ ਹੋ ਸਕਦੇ ਹਨ । ਪਰ ਕਾਰਨ ਭਾਵੇਂ ਕੁਝ ਵੀ ਹੋਵੇ, ਅਕਲ ਇਹ ਗੱਲ ਨਹੀਂ ਮੰਨਦੀ ਕਿ ਕਸੂਰਵਾਰ ਬੰਦਾ ਬਿਨਾਂ ਸਜ਼ਾ ਪਾਏ ਬਚ ਜਾਏ । ਸਵਾਲ ਉਠਦਾ ਹੈ ਕਿ ਕੀ ਇਹੋ ਜਿਹੇ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਹੋਰ ਕੋਈ ਸਿਸਟਮ ਹੈ । ਗੁਰਮਤਿ ਇਹ ਗੱਲ ਨਹੀਂ ਮੰਨਦੀ ਕਿ ਕਸੂਰ ਕਰਨ ਵਾਲਾ ਇਸ ਤਰ੍ਹਾਂ ਬਚ ਜਾਏ । ਗੁਰਬਾਣੀ ਵਿਚ ਕਈ ਥਾਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਜਿਥੇ ਮਨੁੱਖ ਵਲੋਂ ਕਾਇਮ ਕੀਤਾ ਹੋਇਆ ਨਿਆਂ ਕਮਜ਼ੋਰ ਹੈ ਉਥੇ ਵਾਹਿਗੁਰੂ ਦਾ, ਨਿਆਂ ਦਾ ਸਿਲਸਿਲਾ ਉਤਨਾ ਹੀ ਮਜ਼ਬੂਤ ਹੈ, ਤੇ ਉਥੋਂ ਕੋਈ ਅਪਰਾਧੀ ਬਚ ਨਹੀਂ ਸਕਦਾ । ਵਡਹੰਸ ਰਾਗ ਦੀ ਵਾਰ ਵਿਚ ਲਿਖਿਆ ਹੈ—

**ਮਾਣਸਾਂ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ,**
**ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥੧॥** (੫੯੧)

ਇਥੇ 'ਦੀਬਾਣ' ਪਦ ਦਾ ਅਰਥ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ । ਇਹ ਸ਼ਬਦ ਅਰਬੀ ਭਾਸ਼ਾ ਦੇ 'ਦੀਵਾਨ' ਤੋਂ ਬਣਿਆ ਹੈ । 'ਦੀਬਾਣ' ਦਾ ਅਰਥ ਉਹੀ ਹੈ, ਜੋ ਅੰਗਰੇਜ਼ੀ ਸ਼ਬਦ 'ਕੋਰਟ' ਦਾ ਹੈ । ਜਿਵੇਂ 'ਕੋਰਟ' ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ, 'ਦਰਬਾਰ' ਅਤੇ 'ਅਦਾਲਤ', ਇਸੇ ਤਰ੍ਹਾਂ 'ਦੀਬਾਣ' ਦਾ ਅਰਥ 'ਦਰਬਾਰ' ਵੀ ਹੈ ਤੇ 'ਅਦਾਲਤ' ਵੀ ।

ਉਪਰੋਕਤ ਤੁਕ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਗਈ ਕਿ ਮਨੁੱਖਾਂ ਦੀ ਅਦਾਲਤ ਵਿਚੋਂ ਕੋਈ ਬਚ ਨਿਕਲੇ ਪਰ ਹਰੀ ਦੀ ਅਦਾਲਤ ਤੋਂ ਕੋਈ ਨਹੀਂ ਬਚ ਸਕਦਾ ।

ਪਰ ਕੀ ਵਾਹਿਗੁਰੂ ਦਾ ਕੋਈ ਅਦਾਲਤੀ ਸਿਸਟਮ ਹੈ ? ਤੇ ਜੇ ਹੈ ਤਾਂ ਉਸ ਦਾ ਜ਼ਾਬਤਾ ਕੀ ਹੈ? ਗੁਰਬਾਣੀ ਵਿਚੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਵਾਹਿਗੁਰੂ ਦਾ ਇਕ ਵਖਰਾ ਨਿਆਂ-ਪ੍ਰਸ਼ਾਸਨ ਹੈ, ਉਸ ਦਾ ਠੀਕ ਠੀਕ ਵਰਣਨ ਮਨੁੱਖੀ ਭਾਸ਼ਾ ਵਿਚ ਨਹੀਂ ਹੋ ਸਕਦਾ, ਪਰ ਫਿਰ ਵੀ ਦੁਨਿਆਵੀ ਸਿਸਟਮ ਦੀ ਸ਼ਬਦਾਵਲੀ ਵਰਤ ਕੇ ਗੁਰਬਾਣੀ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ **ਅਪਰਾਧੀਆਂ ਨੂੰ ਅੱਗੇ ਜਾ ਕੇ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਜ਼ਰੂਰ ਮਿਲਦੀ ਹੈ ।** ਗੁਰਬਾਣੀ ਵਿਚ ਇਸ ਸੰਬੰਧ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਲੋਂ ਵਰਤੀ ਜਾਂਦੀ ਸ਼ਬਦਾਵਲੀ ਦੀ ਵਰਤੋਂ ਕਰ ਕੇ ਭਾਵ ਸਪੱਸ਼ਟ ਕੀਤਾ ਗਿਆ ਹੈ, ਜਿਵੇਂ ਕਿ ਧਰਮ ਰਾਏ, ਜਮ, ਅਜਰਾਈਲ, ਦੋਜ਼ਖ਼, ਨਰਕ, ਆਦਿ ।

ਦੁਨਿਆਵੀ ਨਿਆਂ-ਪ੍ਰਣਾਲੀ ਵਿਚ ਪਹਿਲਾ ਕਦਮ ਮੁਲਜ਼ਮ ਦੀ ਤਲਬੀ ਦਾ ਹੁੰਦਾ ਹੈ । ਰੱਬੀ-ਅਦਾਲਤ ਵਿਚ ਵੀ ਇਹੋ ਜਿਹੇ ਸਿਸਟਮ ਦਾ ਸੰਕੇਤ ਮਿਲਦਾ ਹੈ । ਜਿਵੇਂ—

ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥੨॥੧੩॥
(ਮਹਲਾ ੧, ਵਾਰ ਰਾਮਕਲੀ, ੯੫੩)


www.AKJ.Org

ਜਾਂ—ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥੫॥ (੭੫੧)

ਕਬੀਰ ਜੀ ਲਿਖਦੇ ਹਨ—

ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥ (੪੭੯)

ਕਬੀਰ ਜੀ ਨੇ ਇਸ ਸੰਬੰਧ ਵਿਚ ਇਕ ਘਟਨਾ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਮਨੁੱਖ ਜਿਵੇਂ ਅਦਾਲਤੀ ਸੰਮਨ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਇਸੇ ਤਰ੍ਹਾਂ ਰੱਬੀ ਬੁਲਾਵੇ ਤੋਂ ਭੀ ਭਜਦਾ ਹੈ। ਕਬੀਰ ਜੀ ਲਿਖਦੇ ਹਨ ਕਿ—

"ਜਦ ਜਮਦੂਤ ਇਕ ਮਨੁੱਖ ਨੂੰ ਲੈਣ ਲਈ ਆਏ ਅਤੇ ਉਸ ਨੂੰ ਕਿਹਾ ਕਿ ਫ਼ੌਰਨ ਚਲ, ਤੇਰੇ ਅਮਲਾਂ ਦਾ ਲੇਖਾ ਲੈਣਾ ਹੈ। ਤਾਂ ਅੱਗੋਂ ਉਹ ਕਹਿਣ ਲਗਾ ਕਿ ਮੇਰਾ ਕੁਝ ਪਿੰਡਾਂ ਦਾ ਹਿਸਾਬ ਬਾਕੀ ਹੈ, ਜੋ ਮੈਨੂੰ ਅੱਜ ਦੀ ਰਾਤ ਨਿਬੇੜ ਲੈਣ ਦੇਵੋ। ਮਨੁੱਖ ਨੇ ਆਪਣੇ ਸੁਭਾਅ ਅਨੁਸਾਰ ਦੂਤਾਂ ਨੂੰ ਰਿਸ਼ਵਤ ਵੀ ਪੇਸ਼ ਕੀਤੀ ਤੇ ਕਿਹਾ ਕਿ ਤੁਹਾਡਾ ਵੀ ਖ਼ਰਚ ਪੂਰਾ ਕਰ ਦੇਂਦਾ ਹਾਂ।" ਇਹ ਸ਼ਬਦ ਸੂਹੀ ਰਾਗ ਵਿਚ ਹੈ, ਜੋ ਇਸ ਤਰ੍ਹਾਂ ਹੈ—

ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥
ਚਲੁ ਦਰਹਾਲੁ ਦੀਵਾਨ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥
ਕਿਛੁ ਭੀ ਖਰਚ ਤੁਮ੍ਹਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥੩॥ (੭੯੨)

ਪਰ ਜਿਵੇਂ ਇਸ ਸ਼ਬਦ ਦੀ ਪਹਿਲੀ ਤੁਕ ਵਿਚ ਲਿਖਿਆ ਹੈ 'ਜਮ ਦੇ ਦੂਤ' 'ਕਠਿਨ' ਹਨ, ਕਿਸੇ ਦਾ ਲਿਹਾਜ਼ ਨਹੀਂ ਕਰਦੇ, ਪੰਜਵੇਂ ਗੁਰੂ ਜੀ ਦਾ ਰਾਗ ਬਿਹਾਗੜਾ ਵਿਚ ਵੀ ਇਸੇ ਤਰ੍ਹਾਂ ਦਾ ਫੁਰਮਾਨ ਹੈ—

ਆਏ ਖਰੇ ਕਠਿਨ ਜਮ ਕੰਕਰਿ ਪਕੜਿ ਲਇਆ ॥੩॥ (੫੪੬)

ਇਸ ਤਰ੍ਹਾਂ ਜਮਦੂਤ ਪਕੜ ਕੇ ਲੈ ਜਾਂਦੇ ਹਨ ਤੇ ਅਦਾਲਤ ਵਿਚ ਪੇਸ਼ ਕਰਦੇ ਹਨ।

ਗੁਰਬਾਣੀ ਕਹਿੰਦੀ ਹੈ ਕਿ ਅਗੇ ਜਾ ਕੇ ਹਰ ਮਨੁੱਖ ਨੂੰ ਆਪਣੇ ਕੀਤੇ ਅਮਲਾਂ ਦਾ ਲੇਖਾ ਦੇਣਾ ਪੈਂਦਾ ਹੈ। ਰਾਮਕਲੀ ਦੀ ਵਾਰ ਵਿਚ ਲਿਖਿਆ ਹੈ—

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ (੯੫੩)

ਇਸੇ ਤਰ੍ਹਾਂ ਰਾਗ ਮਲਾਰ ਦੀ ਵਾਰ ਵਿਚ ਲਿਖਿਆ ਹੈ—

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥ (੨੮੧)

ਮਨੁੱਖ ਦੀ ਤਲਬੀ ਤੇ ਪੇਸ਼ੀ ਦਾ ਹਾਲ ਆਸਾ ਦੀ ਵਾਰ ਤੀਜੀ ਪਉੜੀ ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ—

ਆਪੀਨੈ੍ ਭੋਗ ਭੋਗਿ ਕੈ, ਹੋਇ ਭਸਮੜਿ ਭਉਰ ਸਿਧਾਇਆ ॥
ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ, ਹੁਣ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥੩॥ (੪੬੪)

ਲੇਖਾ ਲੈਣ ਲਗਿਆਂ ਦੁਨਿਆਵੀ ਅਦਾਲਤਾਂ ਬਹੁਤਾ ਗਵਾਹੀਆਂ ਤੇ ਨਿਰਭਰ ਕਰਦੀਆਂ ਹਨ। ਜਾਪਦਾ ਹੈ ਕਿ ਗੁਰੂ ਜੀ ਦੇ ਵੇਲੇ ਵੀ ਗਵਾਹੀਆਂ ਦਾ ਸਿਸਟਮ ਸੀ, ਇਸ ਲਈ ਲਿਖਿਆ ਹੈ ਕਿ ਸੱਚ ਤੋਂ ਬਿਨਾਂ ਗਵਾਹੀ ਦੇਣ ਵਾਲੇ ਦਾ ਕੁਝ ਵੀ ਬਾਕੀ ਨਹੀਂ ਬਚੇਗਾ—

ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ (ਸਲੋਕ ਵਾਰਾਂ ਤੇ ਵਧੀਕ)


www.AKJ.Org

ਰਿਸ਼ਵਤ ਲੈ ਕੇ ਗਵਾਹੀ ਦੇਣ ਵਿਰੁਧ ਵੀ ਕਰੜੀ ਤਾੜਨਾ ਕੀਤੀ ਗਈ ਹੈ—

ਲੈ ਕੇ ਵਢੀ ਦੇਨਿ ਉਗਾਹੀ, ਦੁਰਮਤਿ ਕਾ ਗਲਿ ਫਾਹਾ ਹੈ ॥੩॥(ਮਾਰੂ ਸੋਲਹੇ ਮ: ੧—੧੦੨੩)

ਰੱਬੀ ਅਦਾਲਤ ਵਿਚ ਤਾਂ ਮਨੁੱਖ ਦੇ ਪੁੰਨ ਪਾਪ ਹੀ ਗਵਾਹ ਬਣਦੇ ਹਨ—

ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥੯॥ (ਆਸਾ ਮਹਲਾ ੧—੩੫੧)

ਪਰ ਅੰਤਰਜਾਮੀ ਨਿਰੰਕਾਰ ਆਪ ਸਭ ਕੁਝ ਜਾਣਦਾ ਹੈ, ਉਸ ਤੋਂ ਕੋਈ ਪ੍ਰਾਣੀ ਆਪਣੇ ਕੀਤੇ ਪਾਪ ਛੁਪਾ ਨਹੀਂ ਸਕਦਾ—

ਕਬੀਰ ਜੇਤੇ ਪਾਪ ਕੀਏ, ਰਾਖੇ ਤਲੈ ਦੁਰਾਇ ॥
ਪਰਗਟ ਭਏ ਨਿਦਾਨ ਸਭ, ਜਬ ਪੂਛੇ ਧਰਮਰਾਇ ॥੧੦੫॥ (ਸਲੋਕ ਕਬੀਰ—੧੩੭੦)
ਤੂੰ ਵਲਵੰਚ ਲੂਕਿ ਕਰਹਿ, ਸਭ ਜਾਣੈ ਜਾਣੀ ਰਾਮ ॥੨॥ (ਬਿਹਾਗੜਾ ਮ: ੫ ਛੰਤ—੫੪੬)

ਆਸਾ ਦੀ ਵਾਰ ਦੀ ਦੂਜੀ ਪਉੜੀ ਵਿਚ ਲਿਖਿਆ ਹੈ ਕਿ ਹਰ ਜੀਵ ਦਾ ਲੇਖਾ ਨਾਲੋ ਨਾਲ ਲਿਖਿਆ ਜਾ ਰਿਹਾ ਹੈ—

ਨਾਨਕ ਜੀਅ ਉਪਾਇ ਕੈ, ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ, ਮੁਹ ਕਾਲ੍ਹੈ ਦੋਜਕ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥ (੪੬੩)

ਇਸ ਤਰ੍ਹਾਂ ਤੀਜੀ ਪਉੜੀ ਵਿਚ ਲਿਖਿਆ ਹੈ—

ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ ॥ (੪੬੪)

ਉਸ ਅਦਾਲਤ ਦੀ ਵਿਸ਼ੇਸ਼ ਗੱਲ ਹੈ ਕਿ ਉਥੇ ਕਿਸੇ ਦੀ ਚੁਗਲੀ ਨਹੀਂ ਸੁਣੀ ਜਾਂਦੀ, ਸਗੋਂ ਨਿਆਂ ਅਨੁਸਾਰ ਫ਼ੈਸਲਾ ਕੀਤਾ ਜਾਂਦਾ ਹੈ—

ਹਰਿ ਕੀ ਵਡਿਆਈ ਵਡੀ ਹੈ, ਜਾ ਨਿਆਉ ਹੈ ਧਰਮ ਕਾ ॥
ਹਰਿ ਕੀ ਵਡਿਆਈ ਵਡੀ ਹੈ, ਜਾ ਫਲੁ ਹੈ ਜੀਅ ਕਾ ॥
ਹਰਿ ਕੀ ਵਡਿਆਈ ਵਡੀ ਹੈ, ਜਾ ਨਾ ਸੁਣਈ ਕਹਿਆ ਚੁਗਲ ਕਾ ॥੬॥(ਵਾਰ ਸਿਰੀਰਾਗ—੮੪)

ਹਰ ਸਮਾਜ ਵਿਚ ਸਮੇਂ ਸਮੇਂ ਦੀ ਸੋਚਣੀ ਅਨੁਸਾਰ ਵਖ ਵਖ ਕੰਮਾਂ ਨੂੰ ਅਪਰਾਧ ਮੰਨਿਆ ਜਾਂਦਾ ਹੈ। ਅੱਜ ਕਲ੍ਹ ਵੀ ਕੋਈ ਕੰਮ ਕੁਝ ਚਿਰ ਅਪਰਾਧ ਮੰਨਿਆ ਜਾਂਦਾ ਹੈ, ਪਰ ਬਾਅਦ ਵਿਚ ਨਹੀਂ, ਜਿਵੇਂ ਅਨਾਜ ਦੀ ਤੰਗੀ ਦੇ ਦੌਰਾਨ ਅਨਾਜ ਦਾ ਭੰਡਾਰ ਕਰਨਾ ਜਾਂ ਵਿਆਹ ਸ਼ਾਦੀਆਂ ਆਦਿ ਤੇ ਜ਼ਾਇਆ ਕਰਨਾ ਅਪਰਾਧ ਹੈ, ਪਰ ਜਦ ਇਹ ਤੰਗੀ ਨਹੀਂ ਰਹਿੰਦੀ ਤਾਂ ਭੰਡਾਰ ਕਰਨਾ ਜਾਂ ਜ਼ਾਇਆ ਕਰਨਾ ਦੰਡ-ਯੋਗ ਅਪਰਾਧ ਦੀ ਸੂਚੀ ਵਿਚੋਂ ਕਢ ਦਿਤੇ ਜਾਂਦੇ ਹਨ। ਪਰ ਗੁਰਬਾਣੀ ਵਿਚ ਆਮ ਕਰਕੇ ਅਜਿਹੇ ਅਪਰਾਧਾਂ ਲਈ ਸਜ਼ਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜੋ ਹਰ ਜ਼ਮਾਨੇ ਵਿਚ ਅਤੇ ਹਰ ਸਮਾਜ ਵਿਚ ਨਿੰਦਣਯੋਗ ਹਨ, ਜਿਵੇਂ ਕਿ ਚੋਰੀ, ਪਰ-ਇਸਤ੍ਰੀ ਗਮਨ, ਸੰਨ੍ਹ ਲਾਣਾ, ਸ਼ਰਾਬ ਪੀਣਾ ਆਦਿ। ਗਉੜੀ ਦੀ ਵਾਰ ਵਿਚ ਲਿਖਿਆ ਹੈ—

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥ (ਵਾਰ ਗਉੜੀ, ੩੧੫)

ਸੋ ਇਸ ਪਉੜੀ ਅਨੁਸਾਰ ਚੋਰੀ ਕਰਨ, ਸ਼ਰਾਬ ਪੀਣ ਤੇ ਪਰ-ਇਸਤ੍ਰੀ ਗਮਨ ਦੀ ਸਜ਼ਾ ਕੋਹਲੂ ਵਿਚ ਤਿਲ ਵਾਂਗ ਪੀੜਨਾ ਹੈ। ਇਸੇ ਤਰ੍ਹਾਂ ਦੋਜ਼ਖ ਵਿਚ ਸੁਟਣਾ, ਗਲ ਵਿਚ ਜ਼ੰਜੀਰ ਪਾਉਣਾ ਅਤੇ ਜੁੱਤੀਆਂ ਦੀ ਮਾਰ

www.AKJ.Org

ਆਦਿਕ ਸਜ਼ਾਵਾ ਵੀ ਲਿਖੀਆਂ ਹਨ, ਜਿਵੇਂ ਕਿ—

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੇ, ਲੇਖਾ ਮੰਗੈ ਬਾਣੀਆ ॥੨॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥
ਕਰਣ ਕਰੀਮ ਨ ਜਾਤੋ ਕਰਤਾ, ਤਿਲ ਪੀੜੇ ਜਿਉ ਘਾਣੀਆ ॥੩॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ, ਅਗਲੀ ਗਲ ਨ ਜਾਣੀਆ ॥੪॥

(ਮਾਰੂ ਮਹਲਾ ੫—੧੦੧੯-੨੦)

ਨਾ ਕੇਵਲ ਇਹ ਸਜ਼ਾਵਾਂ ਹੀ ਹਨ, ਸਗੋਂ ਕਈ ਥਾਂ ਜ਼ਿਕਰ ਆਉਂਦਾ ਹੈ ਕਿ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਰੱਬੀ ਬੰਦੀਖਾਨਾ (ਜੇਲ੍ਹ) ਵੀ ਹੈ, ਜਿਸ ਨੂੰ 'ਬੰਦਿ ਰਬਾਣੀ' ਦਾ ਨਾਂ ਦਿੱਤਾ ਗਿਆ ਹੈ, ਜਿਵੇਂ ਕਿ—

ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥ ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥੨੧॥

(ਆਸਾ ਮ: ੧, ਪੰਨਾ ੪੨੦)

ਇਸੇ ਤਰ੍ਹਾਂ ਮਲਾਰ ਦੀ ਵਾਰ ਵਿਚ ਆਉਂਦਾ ਹੈ—

ਇਕਨ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥ (ਪੰ: ੧੨੮੭)

ਤਪਦੇ ਥੰਮ੍ਹਾਂ ਨਾਲ ਲਾਣਾ ਵੀ ਕਿਸੇ ਕਿਸੇ ਅਪਰਾਧ ਦੀ ਸਜ਼ਾ ਹੈ, ਜਿਵੇਂ—

ਪਕੜੇ ਚਲਾਇਆ ਅਪਣਾ ਕਮਾਇਆ, ਮਹਾ ਮੋਹਨੀ ਰਾਤਿਆ ॥
ਗੁਨ ਗੋਵਿੰਦ ਗੁਰਮੁਖਿ ਨ ਜਪਿਆ, ਤਪਤ ਥੰਮ੍ਹ ਗਲਿ ਲਾਤਿਆ ॥੩॥

(ਬਿਹਾਗੜਾ ਮਹਲਾ ੫ ਛੰਤ, ੫੪੬)

ਚੋਰੀ, ਜਾਰੀ ਅਤੇ ਜੂਆ ਖੇਡਣ ਦੀ ਸਜ਼ਾ ਘਾਣੀ ਵਿਚ ਪੀੜਨਾ ਅਤੇ ਨਿੰਦਕ ਤੇ ਚੁਗਲ ਦੀ ਸਜ਼ਾ ਵੈਤਰਣੀ ਨਦੀ (ਹੜ੍ਹਵਾਣੀ) ਚਿ ਸੁਟਣਾ ਲਿਖਿਆ ਹੈ—

ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ ॥੨੧॥

(ਵਾਰ ਮਲਾਰ ਮਹਲਾ ੧, ੧੨੮੮)

ਮਧਾਣੀ ਨਾਲ ਮੱਥਣ ਦੀ ਸਜ਼ਾ ਭੀ ਲਿਖੀ ਹੈ—

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੬॥

(ਸਲੋਕ ਵਾਰਾਂ ਤੇ ਵਧੀਕ ਮਹਲਾ ੫, ੧੪੨੫)

ਗੱਲ ਕੀ, ਜਿਹੋ ਜਿਹੇ ਕਿਸੇ ਦੇ ਕਰਮ ਹਨ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ; ਜਿਵੇਂ ਕਿ ਗਉੜੀ ਕੀ ਵਾਰ ਦੀ ਇਸ ਪਉੜੀ ਤੋਂ ਪ੍ਰਗਟ ਹੈ—

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥
ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥
ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ ॥
ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ ॥
ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥
ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ ॥
ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥

ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥ (੩੧੭)

ਇਸ ਨਿਆਂ-ਪ੍ਰਣਾਲੀ ਵਿਚ ਜਿਥੇ ਪਾਪੀਆਂ ਲਈ ਸਜ਼ਾ ਲਿਖੀ ਹੈ ਉਥੇ ਧਰਮੀਆਂ ਨੂੰ ਹੌਸਲਾ ਵੀ ਦਿੱਤਾ ਗਿਆ ਹੈ, ਤੇ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਧਰਮਰਾਜ ਕੁਝ ਨਹੀਂ ਵਿਗਾੜ ਸਕਦਾ—

ਧਰਮਰਾਇ ਅਬ ਕਹਾ ਕਰੈਗੋ, ਜਉ ਫਾਟਿਓ ਸਗਲੋ ਲੇਖਾ ॥੩॥੧੯॥
(ਸੋਰਠਿ ਮਹਲਾ ੫, ੬੧੪)

ਧਰਮ ਰਾਇ ਦਰ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ ॥੪॥੫॥
(ਜੈਤਸਰੀ ਮਹਲਾ ੪, ੬੯੮)

ਧਰਮਰਾਜ ਧਰਮੀਆਂ ਦਾ ਆਦਰ ਕਰਦਾ ਹੈ ਅਤੇ ਕਹਿੰਦਾ ਹੈ ਕਿ ਤੁਹਾਡੇ ਆਉਣ ਨਾਲ ਮੇਰਾ ਘਰ ਪਵਿੱਤਰ ਹੋ ਗਿਆ ਹੈ। ਗੱਲ ਕੀ, ਜਿਥੇ ਪਾਪੀਆਂ ਨੂੰ ਸਜ਼ਾ ਮਿਲਦੀ ਹੈ ਉਥੇ ਧਰਮੀਆਂ ਦੀ ਜੈ ਜੈਕਾਰ ਹੁੰਦੀ ਹੈ, ਅਨਿਆਂ ਕਿਸੇ ਨਾਲ ਨਹੀਂ ਹੁੰਦਾ—

ਹਰਿ ਆਪਿ ਬਹਿ ਕਰੇ ਨਿਆਉ, ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ, ਹਰਿ ਧਰਮ ਨਿਆਉ ਕੀਓਇ ॥
ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ ॥
ਜੈਕਾਰੁ ਕੀਓ ਧਰਮੀਆ ਕਾ, ਪਾਪੀ ਕਉ ਡੰਡੁ ਦੀਓਇ ॥੧੬॥ (ਵਾਰ ਸਿਰੀਰਾਗ, ੮੯)

ਸੰਸਾਰਕ ਅਦਾਲਤਾਂ ਦੀ ਪ੍ਰਣਾਲੀ ਇਹ ਗੱਲ ਆਪ ਮੰਨਦੀ ਹੈ ਕਿ ਉਸ ਦੇ ਫ਼ੈਸਲਿਆਂ ਚਿ ਗਲਤੀ ਦੀ ਗੁੰਜਾਇਸ਼ ਹੈ, ਜਿਸ ਨੂੰ ਠੀਕ ਕਰਨ ਲਈ ਉਚੇਰੀਆਂ ਅਦਾਲਤਾਂ ਬਣਾਈਆਂ ਗਈਆਂ ਹਨ। ਪਰ ਵਾਹਿਗੁਰੂ ਦੇ ਘਰ ਵਿਚ ਕਿਸੇ ਗਲਤੀ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ, ਇਸ ਲਈ ਉਥੇ ਅਪੀਲ ਦਾ ਕੋਈ ਸਿਸਟਮ ਨਹੀਂ ਹੈ। ਹਾਂ, ਜਿਵੇਂ ਸੰਸਾਰਕ-ਪ੍ਰਣਾਲੀ ਵਿਚ ਰਹਿਮ ਦੀ ਦਰਖ਼ਾਸਤ ਦਿਤੀ ਜਾ ਸਕਦੀ ਹੈ, ਉਸੇ ਤਰ੍ਹਾਂ ਆਪਣੀ ਭੁਲ ਮੰਨ ਕੇ ਵਾਹਿਗੁਰੂ ਅਗੇ ਵੀ ਬਖਸ਼ੀਸ਼ ਕਰਨ ਲਈ ਬੇਨਤੀ ਹੋ ਸਕਦੀ ਹੈ—

ਹਮ ਅਪਰਾਧ ਪਾਪ ਬਹੁ ਕੀਨੇ, ਕਰਿ ਦੁਸਟੀ ਚੋਰ ਚਰਾਇਆ ॥
ਅਬ ਨਾਨਕ ਸਰਣਾਗਤਿ ਆਏ, ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥
(ਗਉੜੀ ਪੂਰਬੀ ਮਹਲਾ ੪, ੧੭੨)

ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ, ਤਿਨ ਕਾ ਲੇਖਾ ਨ ਗਣਿਆ ॥੧॥
(ਵਡਹੰਸੁ ਮਹਲਾ ੫, ੫੭੭)

ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥੪॥੧੧॥
(ਗਉੜੀ ਸੁਖਮਨੀ, ੨੭੭)

ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮਰਾਇ ਕੇ ਕਾਗਰ ਫਾਟੇ ॥੧॥
(ਪ੍ਰਭਾਤੀ ਮਹਲਾ ੫, ੧੩੪੮)

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਸੱਚ ਨਿਰਣੇ | ੧੫-੦੦ |
| ਜੇਲ੍ਹ ਚਿੱਠੀਆਂ ੩੫-੦੦ ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |


www.AKJ.Org

# ਸੋਨੇ ਦੀ ਚਿੜੀ—ਭਾ: ਸਾ: ਰਣਧੀਰ ਸਿੰਘ ਜੀ (੩)

[ਭਾਈ ਜੋਧ ਸਿੰਘ ਜੀ, ਦਿਲੀ-੮੪]

**ਹੱਡ-ਬੀਤੀਆਂ—**

ਜਿਹਾ ਕਿ ਪਿਛੇ ਦਸਿਆ ਜਾ ਚੁਕਾ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਤਨ ਸਾਥੀ ਬਾਬਾ ਸੁਰਜਨ ਸਿੰਘ ਜੀ ਬੜੀ ਕਰਣੀ ਕਮਾਈ ਵਾਲੇ ਸਿੰਘ ਸਨ ਅਤੇ ਉਹ ੧੯੪੯-੧੯੭੨ ਤਕ ਸ਼ਿਮਲੇ ਤੇ ਦਿਲੀ ਦਾਸਰੇ ਪਾਸ ਠਹਿਰਦੇ ਅਤੇ ਦਾਸਰੇ ਤੇ ਸਿੰਘਣੀ ਨੂੰ ਨਿਵਾਜਦੇ ਰਹੇ। ਖ਼ੂਬ ਅੰਮ੍ਰਿਤ ਵੇਲੇ ਪ੍ਰਾਪਤ ਹੁੰਦੇ ਰਹੇ ਤੇ ਖ਼ੂਬ ਸੈਰਾਂ ਕੀਤੀਆਂ ਸ਼ਿਮਲੇ ਦਿਲੀ ਦੀਆਂ ਅਤੇ ਬਚਨ ਬਿਲਾਸ ਹੁੰਦੇ ਰਹਿੰਦੇ। ਬਹੁਤ ਸਾਰੀਆਂ ਹੱਡ-ਬੀਤੀਆਂ ਤਾਂ ਉਨ੍ਹਾਂ ਦੇ ਲਿਖੇ ਟ੍ਰੈਕਟ—'ਜੀਵਨ ਬ੍ਰਿਤਾਂਤ' 'ਵਿਚ ਲਿਖੀਆਂ ਹੋਈਆਂ ਹਨ, ਪਰ ਉਨ੍ਹਾਂ ਤੋਂ ਵਾਧੂ ਜੋ ਬਾਤਾਂ ਜ਼ਬਾਨੀ ਦਾਸਰੇ ਨਾਲ ਅਤੇ ਹੋਰ ਕਈਆਂ ਪ੍ਰੇਮੀਆਂ ਨਾਲ ਕਰਦੇ ਰਹਿੰਦੇ, ਉਨ੍ਹਾਂ ਦਾ ਵਰਨਣ ਦਿਤਾ ਜਾ ਰਿਹਾ ਹੈ। ਇਨ੍ਹਾਂ ਹੱਡ-ਬੀਤੀਆਂ ਨੂੰ ਸੁਣਾਂਦਿਆਂ ਉਹ ਕਿਸੇ ਸਰੂਰ ਵਿਚ ਆ ਜਾਂਦੇ ਸਨ ਅਤੇ ਸੁਣਨ ਵਾਲੇ ਕਿਸੇ ਸੁਆਦ ਵਿਚ ਰੰਗੀਜੇ ਜਾਂਦੇ ਸਨ।

ਗੁਜਰਵਾਲ ਤੇ ਨਾਰੰਗਵਾਲ ਦੇ ਬੰਨੇ ਢਾਬ ਤੇ ਜੋ ਕੌਤਕ ਵਰਤੇ, ਉਨ੍ਹਾਂ ਦਾ ਜ਼ਿਕਰ ਉਹ ਨਿੱਤ ਨਵੇਂ ਦਿਨ ਕਰਦੇ ਰਹਿੰਦੇ। ਬਹੁਤ ਗੁਹਜ ਗੱਲਾਂ ਤੇ ਭਾਈ ਸਾਹਿਬ ਜੀ ਦੀ ਦਿੱਬ-ਦ੍ਰਿਸ਼ਟੀ ਦੀਆਂ ਗਲਾਂ ਸੁਣਾ ਕੇ ਮਾਨੂੰ ਐਸਾ ਰੀਝਾਂਦੇ ਸਨ ਕਿ ਕਥਨ ਲਿਖਣ ਤੋਂ ਬਾਹਰ ਹੈ। ਉਹ ਗੱਲਾਂ ਅਜੇ ਤਾਈਂ ਦਾਸਰੇ ਨੂੰ ਇਸ ਤਰ੍ਹਾਂ ਯਾਦ ਹਨ ਜਿਵੇਂ ਕਲ੍ਹ ਹੀ ਸੁਣੀਆਂ ਹੋਣ। ਸੁਣੋ ਜੀ—

(ੳ) ਜਲੰਧਰ ਦੁਆਬਾ ਸਿੰਘ ਸਭਾ ਵਿਖੇ ਕੀਰਤਨ ਸਮਾਗਮ ਦੀ ਰੈਣ ਸਬਾਈ ਹੋ ਰਹੀ ਸੀ। ਕੋਈ ਡੇਢ ਕੁ ਵਜੇ ਰਾਤੀ ਭਾਈ ਸਾਹਿਬ ਜੀ ਨੇ ਭਾਈ ਸੱਜਣ ਸਿੰਘ ਜੀ ਨੂੰ ਕੰਨ ਵਿਚ ਕਿਹਾ, "ਲਓ ਭਾਈ, ਕਰਤਾਰ ਕੌਰ ਜੀ (ਭਾਈ ਸਾਹਿਬ ਜੀ ਦੀ ਸਿੰਘਣੀ) ਫਤਿਹ ਬੁਲਾ ਗਈ।" ਇਸਦੇ ਮਗਰ ਮਗਰ ਹੀ ਲੁਧਿਆਣੇ ਤੋਂ ਟੈਲੀਫ਼ੋਨ ਪੁੱਜ ਗਿਆ। ਕੁੱਝ ਸਿੰਘਾਂ ਨੂੰ ਫੁਰਿਆ ਕਿ ਰੈਣ ਸਬਾਈ ਦਾ ਭੋਗ ਫ਼ੌਰਨ ਪਾ ਕੇ ਲੁਧਿਆਣੇ ਚਲੀਏ, ਪਰ ਭਾਈ ਸਾਹਿਬ ਜੀ ਨੇ ਨਾਂਹ ਕਰ ਦਿੱਤੀ ਅਤੇ ਕਿਹਾ, "ਹੁਣ ਕਾਹਲੀ ਕਾਹਦੀ ਹੈ? ਉਥੇ ਸੁਖਮਨੀ ਸਾਹਿਬ ਦੇ ਪਾਠਾਂ ਦਾ ਪ੍ਰਵਾਹ ਚਲ ਰਿਹਾ ਹੈ।"

ਬਾਬਾ ਸੁਰਜਨ ਸਿੰਘ ਜੀ ਦਸਦੇ ਸਨ ਕਿ ਭਾਈ ਸਾਹਿਬ ਜੀ ਦੀਆਂ ਪਵਿਤਰ ਕਮਾਈਆਂ ਦੀ ਬਰਕਤ ਇਤਨੀ ਸੀ ਕਿ ਉਹ ਸਭ ਕੁਝ ਅਨਭਵ-ਸ਼ਕਤੀ ਦੁਆਰਾ ਜਾਣ ਜਾਂਦੇ ਸਨ।

ਇਸ ਤੋਂ ਉਪਰੰਤ, ਕੋਮਲ ਜੀ, ਭਾਈ ਸੱਜਣ ਸਿੰਘ ਆਦਿ ਆਪਣੇ ਆਪ ਕਾਰ ਲੈ ਕੇ ਲੁਧਿਆਣੇ ਪੁਜ ਗਏ ਤੇ ਭਾਈ ਸਾਹਿਬ ਜੀ ਰੈਣ ਸਬਾਈ ਕੀਰਤਨ ਦੇ ਰੰਗ ਮਾਣਦੇ ਰਹੇ। ਕੋਈ ਹਿਲਜੁਲ ਨਹੀਂ ਹੋਣ ਦਿੱਤੀ। ਆਪ ਅਡੋਲ ਰਹੇ ਅਤੇ ਸੰਗਤਾਂ ਭੀ ਅਡੋਲ ਰਹੀਆਂ ਇਹ ਸੋਨੇ ਦੀ ਚਿੜੀ ਦੀਆਂ ਗਗਨ ਉਡਾਰੀਆਂ ਸਿਖੀ ਸਿਦਕ, ਗ੍ਰਿਹਸਤ ਧਰਮ ਦੇ ਅਕਾਸ਼ ਵਿਖੇ।

ਫੇਰ ਕੁੱਝ ਸਜਣਾਂ ਦੇ ਕਹਿਣ ਤੇ ਭੀ ਕਿ ਰੈਣ ਸਬਾਈ ਦਾ ਭੋਗ ਪਾ ਦਿਤਾ ਜਾਵੇ, ਤਾਂਕਿ ਬਾਕੀ ਸੰਗਤਾਂ ਵੀ ਲੁਧਿਆਣੇ ਸਸਕਾਰ ਸਮੇਂ ਪੁੱਜ ਜਾਣ, ਭਾਈ ਸਾਹਿਬ ਜੀ ਨੇ ਸਾਫ ਨਾਂਹ ਕਰ ਦਿੱਤੀ ਅਤੇ ਨਿਸਚਿੰਤ ਨਾਮ ਨਾਲ ਜੁੜ ਕੇ ਸਮਾਧੀ-ਸਥਿਤ ਰਹੇ ਜਿਵੇਂ ਕੁੱਝ ਨਹੀਂ ਸੀ ਹੋਇਆ।

੯-੧੦ ਵਜੇ ਦਿਨ-ਚੜ੍ਹੇ ਰੈਣ ਸਬਾਈ ਦੇ ਭੋਗ ਪਏ ਅਤੇ ਜਦ ਭੋਗ ਪਾ ਕੇ ਆਪ ਲੁਧਿਆਣੇ ਪੁਜੇ ਤਾਂ ਭਾਈ ਸਾਹਿਬ ਨੇ ਆਪਣੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਨੂੰ ਗੇਟ ਤੋਂ ਬਾਹਰ ਹੀ ਪੁਛਿਆ, 'ਕਿਉਂ ਭਾਈ, ਸਭ ਤਿਆਰੀ ਹੋ ਗਈ?' ਭਾਈ ਬਲਬੀਰ ਸਿੰਘ ਜੀ ਨੇ ਕਿਹਾ, 'ਹਾਂ ਜੀ।' ਫੇਰ ਭਾਈ ਸਾਹਿਬ ਜੀ ਨੇ ਗੇਟੋਂ



www.AKJ.Org

ਬਾਹਰ ਖੜੇ ਹੀ ਕਿਹਾ, "ਚਲੋ ਫੇਰ।" ਬੱਸ ਉਥੋਂ ਹੀ ਸਸਕਾਰ ਕਰਨ ਚਲੇ ਗਏ ਅਤੇ ਸੰਗਤਾਂ ਨਾਲ ਰਲ ਪਏ।

(ਅ) ਇਸੀ ਤਰ੍ਹਾਂ ਇਕ ਵਾਰ ਫਿਰ ਕੀਰਤਨ ਸਮਾਗਮ ਵਿਚ ਕਹਿਣ ਲੱਗੇ, ਲਉ ਭਾਈ, ਸੰਤ ਸਰੂਪ ਅਤਰ ਸਿੰਘ ਜੀ ਫਤਿਹ ਬੁਲਾ ਗਏ। ਚਲਾਣੇ ਦਾ ਸਮਾਂ ਥਾਂ, ਤੇ ਸਮਾਂ ਆਦਿ ਅਨਭਵੀ ਸ਼ਕਤੀ ਨਾਲ ਦੱਸੇ ਗਏ, ਜੋ ਬਾਅਦ ਵਿਚ ਐਨ ਸੱਚ ਨਿਕਲੇ।

ਬਾਬਾ ਜੀ ਬਹੁਤ ਗੱਲਾਂ ਬਾਰ ਬਾਰ ਕਹਿੰਦੇ ਰਹਿੰਦੇ। ਜਦੋਂ ਕਦੀ ਕੀਰਤਨ ਵਿਚ ਬੇ-ਰਸੀ ਦੇਖਦੇ ਤਾਂ ਕਹਿੰਦੇ, ਭਾਈ ਕੀਰਤਨ ਤਾਂ ਮਨ ਦੀ ਸ਼ਾਂਤੀ ਲਈ ਕਰਨਾ ਹੈ—ਇਹ ਜੋ ਮੇਰੀ-ਤੇਰੀ-ਵਾਰੀ ਜਥੇ ਵਿਚ ਵੀ ਆ ਵੜੀ ਹੈ, ਇਹ ਗੁਰਮਤਿ ਅਸੂਲਾਂ ਦੇ ਉਲਟ ਹੈ। ਕੀਰਤਨ ਤਾਂ ਅਕਾਲ ਪੁਰਖ ਦੀ ਦਾਤ ਹੈ, ਜੋ ਪਾਰ-ਉਤਾਰਾ ਕਰਦੀ ਹੈ। ਜਿਸ ਤਰ੍ਹਾਂ ਆਪੋ-ਧਾਪੀ ਅਸੀਂ ਕਰਦੇ ਹਾਂ, ਇਹ ਤਾਂ ਹਉਮੈ ਦੀਆਂ ਪੰਡਾਂ ਸਿਰ ਉਤੇ ਭਾਰ ਚੁਕ ਰਹੇ ਹਾਂ। ਕੀਰਤਨ ਕੋਈ ਭੀ ਕਰਦਾ ਹੋਵੇ, ਜੇ ਰਸ ਬਝਿਆ ਹੋਵੇ ਤਾਂ ਅਨੰਦ ਲੈਣਾ ਚਾਹੀਦਾ ਹੈ। ਜਿਸ ਤਰ੍ਹਾਂ ਐਮ.ਏ. ਪਾਸ ਨੂੰ ਛਡ ਕੇ ਕੱਚੀ-ਪਹਿਲੀ ਵਾਲੇ ਤੋਂ ਚਿੱਠੀ ਪੜ੍ਹਾਈਏ ਇਸੇ ਤਰ੍ਹਾਂ ਹੀ ਮੁਖੀ ਕੀਰਤਨੀਆਂ ਨੂੰ ਛਡ ਕੇ, ਬੇਅੰਮ੍ਰਿਤੀਆਂ ਜਾਂ ਨਵੇਂ ਕੀਰਤਨ ਸਿਖਣ ਵਾਲਿਆਂ ਤੋਂ ਕੀਰਤਨ ਕਰਾਉਣਾ ਹੈ। ਰਸ ਤਾਂ ਕੀਰਤਨੀਏ ਦੇ ਅੰਦਰੋਂ ਨਾਮ-ਕਮਾਈ ਕਰਕੇ ਆਉਣਾ ਹੈ, ਰਾਗ ਦੇ ਅਲਾਪਣ ਨਾਲ ਨਹੀਂ। ਨਾਮ ਕਮਾਈ ਵਾਲਿਆਂ ਦੇ ਅੰਦਰੋਂ ਹੀ ਰਾਮ-ਰਸ ਫੁੱਟ ਫੁੱਟ ਨਿਕਲਦਾ ਹੈ, ਜਿਵੇਂ ਸੋਮੇ ਚੋਂ ਪਾਣੀ।

ਨਾਮ ਕਮਾਈ ਵਾਲੇ ਕੀਰਤਨੀਏ ਦੀ ਅੰਮ੍ਰਿਤ ਦ੍ਰਿਸ਼ਟੀ ਸਾਧ ਸੰਗਤਾਂ ਦੀਆਂ ਅੰਮ੍ਰਿਤ ਦ੍ਰਿਸ਼ਟੀਆਂ ਤੇ ਪੈਂਦੀ ਹੈ ਅਤੇ ਅੰਮ੍ਰਿਤ ਦ੍ਰਿਸ਼ਟ ਇਕ-ਮਿਕ ਹੋ ਕੇ ਕੀਰਤਨ ਦੀਆਂ ਲਹਿਰਾਂ ਤੇ ਛੱਲਾਂ ਸਮੁੰਦਰ ਦੇ ਜਵਾਰਭਾਟੇ ਵਾਂਗਰ ਉਚੀਆਂ ਚੜ੍ਹਦੀਆਂ ਹਨ, ਜੋ ਠਲ੍ਹੀਆਂ ਨਹੀਂ ਜਾਂਦੀਆਂ ਤੇ ਨਾਭ ਕਮਲ ਸਿੱਧਾ ਹੋ ਜਾਂਦਾ ਹੈ ਅਤੇ ਗੁਰਮੁਖ ਪਿਆਰੇ ਰੰਗ ਰਸ ਮਾਣਦੇ ਹਨ।

> ਨੋਟ : ਉਪ੍ਰੋਕਤ ਘਟਨਾਵਾਂ ਵਾਂਗ ਹੀ ਦੋ ਘਟਨਾਵਾਂ ਪ੍ਰੋਫ਼ੈਸਰ ਠਾਕਰ ਸਿੰਘ ਜੀ ਨੇ ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ' ਵਿਚ ਹੇਠ ਲਿਖੇ ਅਨੁਸਾਰ ਬਿਆਨ ਕੀਤੀਆਂ ਹਨ। [ਸੰਪਾਦਕ

## ਪ੍ਰੋ: ਪੂਰਨ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਅਰਦਾਸ—

ਇਕ ਵੇਰ ੧੯੩੧ ਵਿਚ ਦਾਸ ਉਨ੍ਹਾਂ ਦੇ ਦਰਸ਼ਨ ਨੂੰ ਗਿਆ। ਪਹਿਲਾਂ ਸ਼ਾਮ ਸੋਦਰ ਦਾ ਪਾਠ ਤੇ ਕੀਰਤਨ ਹੋਇਆ। ਅੰਮ੍ਰਿਤ ਵੇਲੇ ਵੀ ਦੀਵਾਨ ਲਗਾ ਤੇ ਰਲ ਮਿਲ ਕੇ ਕੀਰਤਨ ਕੀਤਾ। ਸ਼ਾਮ ਨੂੰ ਸੋਦਰ ਤੋਂ ਪਹਿਲਾਂ ਹੀ ਸ੍ਰੀ ਮਾਨ ਭਾਈ ਸਾਹਿਬ ਜੀ ਉਪਰ ਗੁਰਦਵਾਰੇ ਚਲੇ ਗਏ। ਕੁਝ ਦੇਰ ਪਿਛੋਂ ਦਾਸ ਵੀ ਉਪਰ ਗਿਆ। ਦੇਖਾਂ ਤਾਂ ਸ੍ਰੀਮਾਨ ਜੀ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਖੜੇ ਅਰਦਾਸ ਕਰ ਰਹੇ ਹਨ। ਬੈਠ ਕੇ ਉਨ੍ਹਾਂ ਨੂੰ ਉਡੀਕਣ ਲਗ ਪਿਆ। ਪਰ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਮੈਂ ਦੇਖਿਆ ਕਿ ਅੱਧਾ ਘੰਟਾ ਗੁਜ਼ਰ ਗਿਆ ਹੈ, ਸੋਦਰ ਦਾ ਵਕਤ ਹੋ ਗਿਆ ਹੈ ਤੇ ਉਹ ਉਸੇ ਤਰ੍ਹਾਂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਖੜੇ ਹਨ। ਬੀਬੀ ਦਲੇਰ ਕੌਰ (ਭਾਈ ਸਾਹਿਬ ਦੀ ਸਪੁਤ੍ਰੀ) ਵੀ ਆ ਗਈ। ਉਸ ਨੂੰ ਮੈਂ ਦਸਿਆ ਕਿ ਲੰਬੀ ਅਰਦਾਸ ਕਰ ਰਹੇ ਹਨ। ਫਿਰ ਅਸਾਂ ਹੇਠਾਂ ਜਾ ਕੇ ਮੰਜਿਆਂ ਤੇ ਸੋਦਰ ਦਾ ਪਾਠ ਕਰ ਲਿਆ।

ਕਾਫ਼ੀ ਦੇਰ ਪਿਛੋਂ ਜਦੋਂ ਬੀਬੀ ਦਲੇਰ ਕੌਰ ਉਨ੍ਹਾਂ ਪਾਸ ਪ੍ਰਸ਼ਾਦ ਛਕਣ ਲਈ ਬੇਨਤੀ ਕਰਨ ਗਈ ਤਾਂ ਉਸ ਨਾਲ ਹੇਠਾਂ ਆ ਕੇ ਚੁਪ ਕਰਕੇ ਪ੍ਰਸ਼ਾਦ ਛਕ ਲਿਆ, ਪਰ ਕੋਈ ਵੀ ਬਚਨ ਬਿਲਾਸ ਨਾ ਕੀਤਾ। ਜਾਂ ਸੌਣ ਦਾ ਵਕਤ ਹੋਣ ਲਗਾ ਤਾਂ ਮੈਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਤਨੀ ਲੰਬੀ ਅਰਦਾਸ ਕੀਤੀ ਹੈ ਤੇ ਹੁਣ ਚੁਪ ਹੋ। ਕਾਰਨ ਕੀ ਹੈ? ਕੁਝ ਦੇਰ ਪਿਛੋਂ ਕਹਿਣ ਲਗੇ, "ਜੋਗੀ, ਅੱਜ ਦਿਲ ਬਹੁਤ ਉਦਾਸ ਹੈ, ਸਾਡੇ ਮਿੱਤਰ ਪਿਆਰੇ, ਪੂਰਨ ਗੁਰਸਿਖ ਹਮੇਸ਼ਾ ਹੀ ਉਚ ਮੰਡਲ ਵਿਚ ਅਨੰਦ ਮਾਨਣ ਵਾਲੇ ਪ੍ਰੋਫ਼ੈਸਰ ਪੂਰਨ ਸਿੰਘ ਜੀ ਅੱਜ



www.AKJ.Org

ਡੇਹਰਾਦੂਨ ਪੰਜ-ਭੂਤਕ ਸਰੀਰ ਛਡ ਕੇ ਸੱਚੇ ਪਾਤਸ਼ਾਹ ਦੀ ਦਰਗਾਹ ਜਾਣ ਵਾਸਤੇ ਕਮਰਕਸੇ ਕਰ ਰਹੇ ਸਨ।" ਮੈਂ ਬੇਨਤੀ ਕੀਤੀ, ਕਿ ਉਨ੍ਹਾਂ ਦੇ ਸਾਨੂੰ ਇਥੇ ਕਦੀ ਦਰਸ਼ਨ ਨਹੀਂ ਹੋਏ ਤੇ ਇਸ ਤੋਂ ਪਹਿਲਾਂ ਤੁਸੀਂ ਇਤਨੇ ਸਾਲ ਜੇਲ੍ਹ-ਯਾਤਰਾ ਕਰ ਰਹੇ ਸਾਓ। ਉਹ ਤੁਹਾਡੇ ਕਦੋਂ ਮੇਲੀ ਬਣੇ ਸਨ ? ਕਹਿਣ ਲਗੇ, "ਸਰੀਰ ਕਰਕੇ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ, ਪਰ ਆਤਮਕ ਮੇਲੇ ਹੁੰਦੇ ਰਹਿੰਦੇ ਸਨ। ਉਹ ਧੁਰੋਂ ਹੀ ਬਖਸ਼ੇ ਆਏ ਸਨ।" ਮੈਂ ਬੇਨਤੀ ਕੀਤੀ ਕਿ ਉਨ੍ਹਾਂ ਦੇ ਭੁਜੰਗੀ ਸ: ਮਦਨ ਮੋਹਨ ਸਿੰਘ ਅੱਜ ਕਲ੍ਹ ਲੁਧਿਆਣੇ ਸਬ-ਜਜ ਲਗੇ ਹੋਏ ਹਨ, ਬੜੇ ਲਾਇਕ ਹਨ ਤੇ ਸਾਡੇ ਕਾਲਜ ਆ ਕੇ ਸਿਖ ਫ਼ਿਲਾਸਫ਼ੀ ਤੇ ਲੈਕਚਰ ਕਰ ਗਏ ਹਨ। ਇਹ ਸੁਣ ਕੇ ਉਹ ਬਹੁਤ ਖ਼ੁਸ਼ ਹੋਏ। ਕਹਿਣ ਲਗੇ, ਜਦੋਂ ਲੁਧਿਆਣੇ ਗਏ, ਉਨ੍ਹਾਂ ਨੂੰ ਜ਼ਰੂਰ ਮਿਲਣਾ ਹੈ।

ਕੁਝ ਦਿਨਾਂ ਪਿਛੋਂ ਇਕ ਦਿਨ ਸ੍ਰੀਮਾਨ ਭਾਈ ਸਾਹਿਬ ਜੀ ਗਡੀ ਤੇ ਆ ਰਹੇ ਸਨ ਤੇ ਉਸੇ ਵਕਤ ਮਦਨ ਮੋਹਨ ਸਿੰਘ ਜੀ ਜਗਰਾਉਂ ਕਚਹਿਰੀ *inspect* (ਮੁਆਇਨਾ) ਕਰਨ ਜਾ ਰਹੇ ਸਨ। ਉਨ੍ਹਾਂ ਨੂੰ ਮੈਂ ਪਹਿਲਾਂ ਦਸਿਆ ਹੋਇਆ ਸੀ ਕਿ ਇਸ ਤਰ੍ਹਾਂ ਸ੍ਰੀ ਮਾਨ ਜੀ ਆਪ ਨੂੰ ਮਿਲਣਾ ਚਾਹੁੰਦੇ ਹਨ। ਪਲੈਟ ਫ਼ਾਰਮ ਤੇ ਮੈਂ ਉਨ੍ਹਾਂ ਨੂੰ ਦਸਿਆ ਕਿ ਭਾਈ ਸਾਹਿਬ ਜੀ ਆ ਰਹੇ ਹਨ ਤਾਂ ਉਹ ਪਲੇਟ ਫ਼ਾਰਮ ਤੇ ਹੀ ਰੁਕ ਗਏ। ਭਾਈ ਸਾਹਿਬ ਆਏ ਤੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਘੁਟ ਕੇ ਜੱਫੀ ਵਿਚ ਲੈ ਲਿਆ। ਕਹਿਣ ਲਗੇ, ਤੁਸੀਂ ਮੇਰੇ ਬੜੇ ਪਿਆਰੇ, ਗੁਰੂ ਬਖ਼ਸ਼ੇ ਗੁਰਸਿਖ ਮਿੱਤਰ ਦੇ ਬੇਟੇ ਹੋ, ਤੁਹਾਨੂੰ ਮਿਲ ਕੇ ਬਹੁਤ ਹੀ ਖੁਸ਼ੀ ਹੋਈ। ਉਥੋਂ ਮਦਨ ਮੋਹਨ ਸਿੰਘ ਉਨ੍ਹਾਂ ਨੂੰ ਘਰ ਲੈ ਗਿਆ। ਉਨ੍ਹਾਂ ਦੇ ਬਿਬੇਕ ਬਾਬਤ ਉਹ ਪਹਿਲਾਂ ਹੀ ਜਾਣਦੇ ਸਨ। ਸੋ, ਫਲ ਪੇਸ਼ ਕੀਤੇ ਤੇ ਸਾਰੀ ਸੇਵਾ ਸੁਭਾਗ ਜੋੜੀ ਨੇ ਆਪ ਕੀਤੀ। ਭਾਈ ਸਾਹਿਬ ਉਨ੍ਹਾਂ ਪਾਸੋਂ ਪ੍ਰੋਫੈਸਰ ਪੂਰਨ ਸਿੰਘ ਜੀ ਬਾਬਤ ਕਈ ਕੁਝ ਪੁਛਦੇ ਰਹੇ ਤੇ ਕਹਿਣ ਲਗੇ ਕਿ ਜੋ ਉਨ੍ਹਾਂ ਨੇ ਪੁਸਤਕ ਲਿਖੇ ਹਨ, ਉਹ ਪੜ੍ਹਨਾ ਚਾਹੁੰਦੇ ਹਾਂ। ਉਨ੍ਹਾਂ ਨੇ, ਪੁਸਤਕਾਂ ਜੋ ਉਨ੍ਹਾਂ ਪਾਸ ਸਨ, ਉਹ ਭੇਟ ਕੀਤੀਆਂ ਤੇ ਜੋ ਅਜੇ ਖਰੜੇ ਛਪਣ ਵਾਸਤੇ ਪਏ ਸਨ, ਉਹ ਵੀ ਦਿਖਲਾਏ। ਫਿਰ ਸ਼ਾਮ ਦੇ ਸੋਦਰ ਦਾ ਪਾਠ ਉਥੇ ਕੀਤਾ ਤੇ ਵਾਪਸ ਘਰ ਆ ਗਏ।

**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ–**

੧੯੪੪ ਵਿਚ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਦੂਸਰੇ ਭੁਜੰਗੀ ਪ੍ਰੀਤਮ ਸਿੰਘ ਦਾ ਅਨੰਦ ਕਾਰਜ ਪੂਹਲਾ (ਬਠਿੰਡਾ) ਵਿਖੇ ਹੋਣਾ ਨੀਯਤ ਹੋਇਆ। ਮਾਨਯਵਰ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਉਸ ਬਰਾਤ ਵਿਚ ਸ਼ਾਮਲ ਹੋਏ। ਬਰਾਤ ਦੇ ਸਾਰੇ ਸੱਜਣ ਸੰਗਤੀ ਰੂਪ ਵਿਚ ਕੀਰਤਨ ਕਰਦੇ ਹੋਏ ਪੂਹਲੇ ਪੁਜੇ! ਮੇਲ-ਮਿਲਾਪ ਪਿਛੋਂ ਸ਼ਾਮ ਨੂੰ ਸੋਦਰ ਦੇ ਪਾਠ ਹੋਏ। ਫਿਰ ਪ੍ਰਸ਼ਾਦ ਛਕ ਕੇ ਸਭ ਨੇ ਅਰਾਮ ਕੀਤਾ। ਅਗਲੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਨਿਤਨੇਮ ਕਰ ਕੇ ਆਸਾ ਦੀ ਵਾਰ ਦੇ ਕੀਰਤਨ ਲਈ ਦੀਵਾਨ-ਅਸਥਾਨ ਪੁਜ ਗਏ। ਸ੍ਰੀਮਾਨ ਭਾਈ ਸਾਹਿਬ ਨੇ ਵਾਜਾ ਫੜ ਕੇ ਆਪ ਕੀਰਤਨ ਅਰੰਭ ਕਰ ਦਿਤਾ।

ਗੁਰੂ ਨੇਤ ਐਸੀ ਹੋਈ ਕਿ ਅਜੇ ਵਾਰ ਅੱਧੀ ਵੀ ਨਹੀਂ ਹੋਈ ਸੀ ਜੁ ਕੁਝ ਮਿੰਟਾਂ ਵਿਚ ਹੀ ਪੱਛਮ ਵਾਲੇ ਪਾਸਿਓਂ ਬੜੀ ਜ਼ਬਰਦਸਤ ਕਾਲੀ ਘਟਾ ਚੜ੍ਹ ਆਈ। ਸਾਰੇ ਘਬਰਾ ਉਠੇ। ਘਰ ਵਾਲਿਆਂ ਨੇ ਛੇਤੀ ਇਕ ਵਡੇ ਕਮਰੇ ਵਿਚ, ਜੋ ਕੀਰਤਨ-ਪੰਡਾਲ ਦੇ ਲਾਗੇ ਹੀ ਸੀ, ਦੀਵਾਨ ਬਦਲਣ ਦਾ ਪਰਬੰਧ ਕਰ ਲਿਆ। ਇਤਨੀ ਦੇਰ ਵਿਚ ਬਾਰਸ਼ ਦੀ ਬੁਛਾੜ ਹੋਣ ਦੀ ਅਵਾਜ਼ ਆਉਣ ਲਗ ਪਈ। ਇਹ ਸਾਫ ਦਿਸ ਰਿਹਾ ਸੀ ਕਿ ਕੁਝ ਮਿੰਟਾਂ ਵਿਚ ਹੀ ਇਥੇ ਜਲ ਥਲ ਹੋ ਜਾਏਗਾ।

ਹੌਲੀ ਹੌਲੀ ਸੰਗਤਾਂ ਵਿਚ ਘੋਰ-ਮਸੋਰ ਹੋਣ ਲਗ ਪਈ ਕਿ ਇਥੇ ਦੀਵਾਨ ਦੀ ਸਮਾਪਤੀ ਕਰ ਕੇ, ਕਮਰੇ ਵਿਚ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰ ਕੇ, ਉਥੇ ਦੀਵਾਨ ਸਜਾਇਆ ਜਾਏ। ਪਰ ਸ੍ਰੀਮਾਨ ਬਾਊ ਜੀ ਤੇ ਮਾਨਯਵਰ ਭਾਈ ਸਾਹਿਬ ਜੀ ਨੂੰ ਬੇਨਤੀ ਕਰਨ ਦਾ ਕਿਸੇ ਨੂੰ ਹੀਆ ਨਾ ਪਵੇ। ਜਦੋਂ ਬਾਰਸ਼ ਦੀ ਸੂਕ ਸੁਣ ਕੇ ਸਾਰੀ ਸੰਗਤ ਉਠਣ ਨੂੰ ਹੁਕਮ ਦੀ ਉਡੀਕ ਕਰ ਰਹੀ ਸੀ ਤਾਂ ਮਾਨਯੋਗ ਭਾਈ ਸਾਹਿਬ ਨੇ ਬਲੰਦ ਅਵਾਜ਼ ਵਿਚ ਇਹ ਸ਼ਬਦ ਅਰੰਭ ਕਰ ਦਿਤਾ–


www.AKJ.Org

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥ਰਹਾਉ॥੧੦੮॥

[ਗਉੜੀ ਮ: ੫, ਪੰਨਾ ੨੯੧

ਸਾਰੇ ਹੈਰਾਨ ਵੀ ਹੋ ਗਏ ਤੇ ਸਮਝ ਵੀ ਗਏ ਕਿ ਮਾਨਯੋਗ ਭਾਈ ਸਾਹਿਬ ਇਹ ਦੀਵਾਨ ਬਦਲਣ ਦੇ ਹੱਕ ਵਿਚ ਨਹੀਂ ਹਨ। ਸੋ ਸਭ ਨੇ ਹੌਸਲਾ ਧਾਰਿਆ ਕਿ ਚਲੋ, ਭਿਜ ਹੀ ਜਾਵਾਂਗੇ, ਕੀਰਤਨ ਨਾਲ ਜੁੜ ਗਏ। ਸਾਰੀ ਸੰਗਤ ਫਿਰ ਹੈਰਾਨ ਹੋ ਗਈ ਜਦੋਂ ਭਾਈ ਸਾਹਿਬ ਜੀ ਨੇ ਅਗਲਾ ਸਲੋਕ ਲੈਣ ਤੋਂ ਪਹਿਲਾਂ ਹੀ ਇਹ ਸ਼ਬਦ ਸ਼ੁਰੂ ਕਰ ਦਿਤਾ—

ਕਿਆ ਉਠਿ ਉਠਿ ਦੇਖਹੁ ਬਪੁੜੇਂ, ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਹਿ ॥
ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥
ਨਾਨਕ ਨਦਰੀ ਬਾਹਰੀ ਸਭ ਕਰਣਪਲਾਹ ਕਰੇਇ ॥੨॥੬॥

[ਮ: ੩, ਮਲਾਰ ਕੀ ਵਾਰ, ਪੰਨਾ ੧੨੮੦

ਫਿਰ ਤਾਂ ਉਚ-ਮੰਡਲੀ ਕੀਰਤਨ ਪੰਚਮ ਦੀਆਂ ਸੁਰਾਂ ਵਿਚ ਸ਼ੁਰੂ ਹੋ ਗਿਆ ਤੇ ਇਸੇ ਰੰਗ ਵਿਚ ਦੀਵਾਨ ਸਜਿਆ ਰਿਹਾ। ਉਥੇ ਹੀ ਅਨੰਦ ਕਾਰਜ ਹੋਇਆ।

ਭੋਗ ਪੈਣ ਤੇ ਸਤਿਗੁਰੂ ਦੀ ਬਖਸ਼ਸ਼ ਤੇ ਜ਼ਾਹਰੀ-ਕਲਾ ਆਪਣੀਆਂ ਅੱਖਾਂ ਨਾਲ ਸਭ ਨੇ ਦੇਖੀ। ਉਹ ਇਹ ਸੀ ਕਿ ਦੀਵਾਨ-ਅਸਥਾਨ ਤੋਂ ਚਾਰ ਸੌ ਗਜ਼ ਦੂਰ, ਚੁਪਾਸੜ ਪਿੰਡ ਦੇ ਗਿਰਦੇ ਬਾਰਸ਼ ਨਾਲ ਜ਼ਲ ਥਲ ਹੋ ਗਿਆ ਸੀ। ਇਸ ਤੋਂ ਅਗੇ ਅੰਦਰਵਾਰ ਦੋ ਤਿੰਨ ਸੌ ਗਜ਼ ਦੇ ਫ਼ਾਸਲੇ ਤੇ ਥੋੜੀ ਥੋੜਾ ਬੂੰਦਾ-ਬਾਂਦੀ ਹੋਈ, ਪਰ ਦੀਵਾਨ-ਅਸਥਾਨ ਤੋਂ ਸੌ ਗਜ਼ ਅੰਦਰ ਇਕ ਵੀ ਕਣੀ ਨਹੀਂ ਸੀ ਪਈ।

ਭੋਗ ਤੋਂ ਉਪਰੰਤ ਜਦੋਂ ਬਰਾਤ ਵਾਲੇ ਇਹ ਮੁਅਜਜ਼ਾ, ਜੋ ਸਭ ਨੂੰ ਹੈਰਾਨ ਕਰ ਰਿਹਾ ਸੀ, ਦੇਖਣ ਗਏ ਤਾਂ ਇਕ ਬਰਾਤੀ ਸੱਜਣ ਲੈਫਟੀਨੈਂਟ ਜਵੰਦ ਸਿੰਘ ਜੀ ਕਹਿਣ ਲਗੇ ਕਿ ਅੱਜ ਇਨ੍ਹਾਂ ਅੱਖਾਂ ਨਾਲ ਪਰਤੱਖ ਦੇਖ ਰਹੇ ਹਾਂ ਕਿ—

ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥ (ਪੰਨਾ ੯੬੨)

---

[੧੬ ਸਫ਼ੇ ਦੀ ਬਾਕੀ]

ਜੈਸੀ ਕੋਈ ਕਮਾਈ ਕਰੇਗਾ ਅਤੇ ਇਸ ਨਾਮ ਰੂਪੀ ਪਾਰਸ ਨੂੰ ਪਰਸਣਹਾਰਾ ਬਣੇਗਾ, ਤੈਸੀ ਹੀ ਉਸਦੀ ਸੁਰਤੀ ਬਿਰਤੀ ਜੁੜੇਗੀ। ਨਾਮ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਜਿਉਂ ਜਿਉਂ ਅਭਿਆਸੀ ਜਨ ਕਮਾਈਆਂ ਕਰਦਾ ਵਧਦਾ ਜਾਵੇਗਾ, ਤਿਉਂ ਤਿਉਂ ਉਸ ਦੀ ਲਿਵ-ਸੁਰਤੀ ਦਾ ਜੁੜਾਉ ਅੰਤ ਜਮਾਉ ਵਧਦਾ ਅਤੇ ਵਧਦਾ ਜਾਏਗਾ। ਲਿਵ ਦੀ ਲੀਲ੍ਹਾ ਪਰੇ ਤੋਂ ਪਰੇ ਹੈ। ਲਿਵ ਦੀ ਅਵਸਥਾ ਭੀ ਉਚੇਰੀ ਤੋਂ ਉਚੇਰੀ ਹੈ। ਸਿਖਰਲੀ ਲਿਵ-ਅਟਾਰੀ ਸਹਜ ਬਿਵਸਥਾ ਵਾਲੀ ਹੈ। ਇਸ ਪਦ-ਅਟਾਰੜੇ ਦੀ ਗੁਰਮਿਤ-ਦੀਖਿਆ ਅਨੁਸਾਰ ਪ੍ਰੇਮ ਜੁਗਤੀ ਵਾਲੇ ਬਣਿਆਂ ਹੀ ਪ੍ਰਾਪਤੀ ਹੁੰਦੀ ਹੈ। ਕਮਾਈਆਂ ਅਤੇ ਲਿਵਤਾਰ ਦੋਈ ਸਹਜ ਵਿਚਿ ਹੀ ਹੋ ਤੁਰਦੀਆਂ ਹਨ ਅਤੇ ਲਿਵ ਦਾ ਸਹਜ ਜੁੜਾਉ ਹੋ ਜਾਂਦਾ ਹੈ। ਤਾਂ ਤੇ ਲਿਵ-ਸਹਜ-ਸਮਾਧਿ ਦੇ ਖੇੜੇ ਦਾ ਨਿਬੇੜਾ ਭੀ ਅਭਿਆਸ ਕਮਾਈਆਂ ਵਾਲੇ ਸਿਫਤਿ-ਸਾਲਾਹ ਕਰਮ ਦੇ ਮੁਤਾਬਕ ਹੀ ਹੁੰਦਾ ਹੈ। ਨਾਮ ਦੀਆਂ ਕਮਾਈਆਂ ਪਾਰਸ ਰੂਪ ਹਨ, ਆਹਲੀਆਂ (ਖ਼ਾਲੀ) ਨਹੀਂ ਜਾਂਦੀਆਂ। ਅਭਿਆਸੀ ਜਨ ਦੀ ਲਿਵ-ਕਰਮੀ ਅਵਸਥਾ ਦਾ ਨਿਬੇੜਾ ਪਾਰਸ ਕਮਾਈ ਦੀ ਬਹੁਲਤਾ ਉਪਰਿ ਹੀ ਹੈ। ਬਸ, ਦਿਨ ਰਾਤ ਜੁਟਿਆ ਰਹੇ, ਅੱਖ ਨਾ ਉਘੇੜੇ, ਫਿਰ ਕਰਤਾਰ ਕਰਨਹਾਰ ਦੀ ਨਦਰਿ-ਕਰੰਮੀ ਮਿਹਰ ਭੀ ਹੋ ਜਾਂਦੀ ਹੈ ਤੇ ਨਾਮ ਸਿਮਰਨ ਦੇ ਹੋਰੇ ਭੀ ਸੁਤੇ ਸੁਭਾਵ ਤੁਰ ਪੈਂਦੇ ਹਨ ਅਤੇ ਸਹਜ-ਲਿਵ ਡੋਰੀ ਭੀ ਲਗੀ ਰਹਿੰਦੀ ਹੈ। [ਪੁਸਤਕ 'ਗੁਰਮਤਿ ਕਰਮ ਫ਼ਿਲਾਸਫ਼ੀ 'ਚੋਂ']



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੦)

ਸਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ,
ਬਰਤੈ ਬਰਤਮਾਨ ਗੁਰ ਉਪਦੇਸ ਕੈ ॥
ਹੋਨਹਾਰ ਹੋਇ ਜੋਈ ਜੋਈ, ਸੋਈ ਸੋਈ ਭਲੋ,
ਪੂਰਨ ਬ੍ਰਹਮ ਗਿਆਨ ਧਿਆਨ ਪਰਵੇਸ ਕੈ ॥
ਨਾਮ ਨਿਹਕਾਮ ਧਾਮ ਸਹਜ ਸੁਭਾਇ ਚਾਇ,
ਪ੍ਰੇਮ-ਰਸ ਰਸਿਕ ਹੁਇ ਅੰਮ੍ਰਿਤ ਅਵੇਸ ਕੈ ॥
ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ,
ਪੂਰਨ ਸਰਬ-ਮਈ ਆਦਿ ਕੌ ਅਦੇਸ ਕੈ ॥੧੦੬॥

**ਪਦ ਅਰਥ** : ਸਬਦ ਸੁਰਤਿ—ਗੁਰੂ ਦੇ ਸ਼ਬਦ(ਗੁਰੂ-ਮੰਤ੍ਰ)ਦਾ ਤੇ ਸੁਰਤਿ ਦਾ ਮੇਲ ਕਰ ਕੇ । । ਆਪਾ ਖੋਇ —ਮੈਂ-ਮੇਰੀ ਛਡ ਕੇ । ਗੁਰ ਦਾਸੁ—ਗੁਰੂ ਦਾ ਸੇਵਕ । ਬਰਤੈ—ਵਰਤਦਾ ਹੈ, ਸਫਲ ਕਰਦਾ ਹੈ । ਬਰਤਮਾਨ—ਵਰਤਮਾਨ ਸਮਾਂ । ਗੁਰ ਉਪਦੇਸ ਕੈ—ਗੁਰੂ ਦੇ ਉਪਦੇਸ਼ ਦੁਆਰਾ । ਹੋਨਹਾਰ—ਹੋਣੀ । ਪੂਰਨ ਬ੍ਰਹਮ—ਵਾਹਿਗੁਰੂ । ਪਰਵੇਸ ਕੈ—ਲੀਨ ਹੋ ਕੇ । ਨਾਮ—ਨਾਮ-ਭਗਤੀ । ਨਿਹਕਾਮ—ਨਿਸ਼ਕਾਮ । ਧਾਮ—ਗ੍ਰਿਹਸਤ, ਘਰ । ਸਹਜ ਸੁਭਾਇ—ਸੁਤੇ ਹੀ, ਸਹਿਜੇ ਹੀ । ਚਾਇ—ਉਤਸ਼ਾਹ ਵਿਚ । ਰਸਿਕ ਹੁਇ—ਰਸੀਆ ਹੋ ਕੇ । ਅੰਮ੍ਰਿਤ—ਨਾਮ ਅੰਮ੍ਰਿਤ । ਅਵੇਸ—ਪ੍ਰਵੇਸ਼, ਵਾਸਾ ਕਰਦਾ, (ਭਾਵ) ਪੀਂਦਾ ਹੈ । ਸਤਿ ਰੂਪ—ਅਬਿਨਾਸ਼ੀ ਰੂਪ ਵਾਲਾ ਵਾਹਿਗੁਰੂ । ਸਤਿਨਾਮ—ਸਦਾ ਥਿਰ ਵਾਹਿਗੁਰੂ । ਪੂਰਨ ਸਰਬ-ਮਈ—ਸਰਬਤ੍ਰ ਵਿਚ ਪੂਰਨ ਹੋ ਰਿਹਾ ਹੈ । ਆਦਿ ਕੌ—ਆਦਿ ਪੁਰਖ ਵਾਹਿਗੁਰੂ ਨੂੰ । ਅਦੇਸ—ਨਮਸਕਾਰਾਂ, ਜੁਹਾਰਾਂ ।

**ਅਰਥ** : ਗੁਰ-ਸ਼ਬਦ ਦਾ ਤੇ ਸੁਰਤਿ ਦਾ ਮੇਲ ਕਰ ਕੇ, ਮੇਰ ਤੇਰ ਗੁਆ ਕੇ, ਗੁਰੂ ਦਾ ਸੱਚਾ ਸੇਵਕ (ਦਾਸ) ਹੋਈਦਾ ਹੈ । ਸੱਚਾ ਸੇਵਕ ਵਰਤਮਾਨ (ਸਮੇਂ) ਨੂੰ ਸਤਿਗੁਰੂ ਦੇ ਦ੍ਰਿੜ੍ਹਾਏ ਉਪਦੇਸ਼ ਦੀ ਕਮਾਈ ਕਰ ਕੇ ਸਫਲਾ ਕਰਦਾ ਹੈ ।

(ਗੁਰੂ ਕਾ ਦਾਸ) ਵਾਹਿਗੁਰੂ ਦੇ ਗਿਆਨ ਧਿਆਨ ਵਿਚ ਪ੍ਰਵੇਸ਼ ਹੋ ਕੇ ਜੋ ਜੋ ਹੋਣੀ ਵਰਤਦੀ ਹੈ, ਉਸ ਉਸ ਨੂੰ ਭਲਾ ਕਰ ਮੰਨਦਾ ਹੈ ।

(ਗੁਰੂ ਕਾ ਸੱਚਾ ਸੇਵਕ) ਗ੍ਰਿਹਸਤ ਵਿਚ ਰਹਿੰਦਿਆਂ, ਨਿਸ਼ਕਾਮ ਹੋ, ਸਹਿਜੇ ਹੀ 'ਆਤਮ ਕੈ ਚਾਇ' ਨਾਮ-ਭਗਤੀ ਵਿਚ ਲਗ ਕੇ, ਪ੍ਰੇਮ-ਰਸ ਦਾ ਰਸੀਆ ਹੋਇ ਨਾਮ-ਅੰਮ੍ਰਿਤ-ਰਸ ਪੀਂਦਾ ਹੈ ।

(ਗੁਰੂ ਕਾ ਅਨਿੰਨ ਦਾਸ) ਅਬਿਨਾਸ਼ੀ ਰੂਪ ਅਤੇ ਸਦਾ ਥਿਰ ਵਾਹਿਗੁਰੂ ਨੂੰ (ਸਤਿਗੁਰੂ ਦੇ ਬਖਸ਼ੇ) ਗਿਆਨ ਧਿਆਨ ਦੁਆਰਾ ਸਰਬਤ੍ਰ ਵਿਚ ਰਮਿਆ ਜਾਣ ਕੇ, ਉਸ ਆਦਿ ਪੁਰਖੀ ਨੂੰ ਹੀ ਜੁਹਾਰਾਂ ਕਰਦਾ ਹੈ ।੧੦੬।

ਸਬਦ -ਸੁਰਤਿ ਆਪਾ ਖੋਇ ਗੁਰ ਦਾਸੁ ਹੋਇ,
ਬਾਲ ਬੁਧਿ ਸੁਧਿ ਨ ਕਰਤ ਮੋਹ ਦ੍ਰੋਹ ਕੀ ॥
ਸ੍ਰਵਨ ਉਸਤਤਿ ਨਿੰਦਾ ਸਮ ਤੁਲ ਸੁਰਤਿ ਲਿਵ,
ਲੋਚਨ ਧਿਆਨ ਲਿਵ ਕੰਚਨ ਔ ਲੋਹ ਕੀ ॥
ਨਾਸਕਾ ਸੁਗੰਧਿ ਬਿਰਗੰਧਿ ਸਮਸਰਿ ਤਾ ਕੈ,
ਜਿਹਬਾ ਸਮਾਨ ਬਿਖੁ ਅੰਮ੍ਰਿਤ ਨ ਬੋਹ ਕੀ ॥
ਕਰ ਚਰ ਕਰਮ ਅਕਰਮ ਅਪਥ ਪਥ,
ਕਿਰਤਿ ਬਿਰਤਿ ਸਮ ਉਕਤਿ ਨ ਦ੍ਰੋਹ ਕੀ ॥੧੦੭॥



www.AKJ.Org

**ਪਦ ਅਰਥ** : ਆਪਾ ਖੋਇ—ਆਪਾ ਭਾਵ ਗੁਆ ਕੇ। ਗੁਰ ਦਾਸ—ਗੁਰੂ ਦਾ ਦਾਸ। ਮੋਹ—ਪਿਆਰ। ਦ੍ਰੋਹ—ਧ੍ਰੋਹ, ਕਪਟ ਫ਼ਰੇਬ। ਸ੍ਰਵਨ ਉਸਤਤਿ—ਕੰਨਾਂ ਲਈ ਉਸਤਤਿ। ਸਮ ਤੁਲ—ਇਕ ਬਰਾਬਰ। ਲੋਚਨ—ਨੇਤਰ। ਕੰਚਨ—ਸੋਨਾ। ਨਾਸਕਾ—ਨੱਕ। ਬਿਰਗੰਧਿ—ਦੁਰਗੰਧੀ। ਸਮਸਰਿ—ਇਕੋ ਜਿਹੀ। ਬਿਖੁ—ਜ਼ਹਿਰ। ਬੋਹ—ਗੰਧ, ਭਾਵਨਾ, ਚਾਹਨਾ। ਕਰ—ਹੱਥ। ਚਰ—ਚਰਨ, ਪੈਰ। ਅਪਥ ਪਥ—ਕੁਪੰਥ ਤੇ ਪੰਥ, ਕੁਮਾਰਗ ਤੇ ਮਾਰਗ। ਸਮ—ਬਰਾਬਰ। ਉਕਤਿ—ਉਕਤੀ।

**ਅਰਥ** : ਗੁਰ-ਸ਼ਬਦ ਨੂੰ ਸੁਰਤੀ ਵਿਚ ਟਿਕਾਅ ਕੇ, ਆਪਾ ਭਾਵ ਗੁਆ ਕੇ, ਗੁਰੂ ਦਾ ਦਾਸ ਹੋਈਦਾ ਹੈ। ਬਾਲਕ-ਬੁਧੀ ਵਿਚ ਵਿਚਰਨ ਕਰਕੇ ਉਸ ਨੂੰ ਮੋਹ ਜਾਂ ਕਪਟ ਕਰਨ ਵਾਲੀ ਸੁਧ ਨਹੀਂ ਹੁੰਦੀ।

(ਉਸ ਦਾਸ ਦੀ) ਸੁਰਤੀ ਪ੍ਰਭੂ-ਨਾਮ ਵਿਚ ਲਿਵਲੀਨ ਹੋਣ ਦੇ ਕਾਰਨ, ਉਸ ਦੇ ਕੰਨਾਂ ਲਈ ਉਸਤਤਿ ਨਿੰਦਾ ਇਕ-ਬਰਾਬਰ ਹੈ ਅਤੇ ਸਤਿਗੁਰੂ ਦੇ ਦਰਸ਼ਨ-ਧਿਆਨ ਵਿਚ ਲਿਵ ਲਗੀ ਹੋਣ ਕਰਕੇ, ਸੋਨੇ ਤੇ ਲੋਹੇ ਨੂੰ ਵੇਖਣ ਵਾਲੀ ਉਸ ਦੇ ਨੇਤਰਾਂ ਦੀ ਦ੍ਰਿਸ਼ਟੀ ਇਕ-ਸਮਾਨ ਹੁੰਦੀ ਹੈ।

ਉਸ (ਦਾਸ) ਦੇ ਨੱਕ ਲਈ ਸੁਗੰਧੀ ਤੇ ਦੁਰਗੰਧੀ ਇਕੋ ਜਿਹੀ ਹੈ ਅਤੇ ਉਸ ਦੀ ਰਸਨਾ ਲਈ ਜ਼ਹਿਰ ਤੇ ਅੰਮ੍ਰਿਤ ਭੋਜਨ ਇਕ-ਬਰਾਬਰ ਹਨ, ਉਸ ਨੂੰ ਹੋਰ ਕਿਸੇ ਸਵਾਦ ਦੀ ਚਾਹਨਾ ਨਹੀਂ ਹੁੰਦੀ।

ਹੱਥਾਂ ਕਰਕੇ ਚੰਗੇ ਮੰਦੇ ਕਰਮਾਂ ਵਲੋਂ, ਪੈਰਾਂ ਕਰਕੇ ਪੰਥ ਕੁਪੰਥ ਵਲੋਂ ਅਤੇ ਕਿਰਤ-ਕਾਰ ਵਲੋਂ (ਉਹ ਦਾਸ) ਅਡੋਲ ਇਕ-ਰਸ ਰਹਿੰਦਾ ਹੈ। ਉਸ ਅੰਦਰ ਧ੍ਰੋਹ-ਫ਼ਰੇਬ ਵਾਲੀ ਉਕਤੀ ਜੁਕਤੀ ਹੁੰਦੀ ਹੀ ਨਹੀਂ।੧੦੭।

**ਸਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ,**
**ਸਰਬ ਮੈ ਪੂਰਨ ਬ੍ਰਹਮ ਕਰਿ ਮਾਨੀਐ॥**
**ਕਾਸਟ ਅਗਨਿ ਮਾਲਾ ਸੂਤ੍ਰ ਗੋਰਸ ਗੋਬੰਸ,**
**ਏਕ ਅਉ ਅਨੇਕ ਕੋ ਬਿਬੇਕ ਪਹਿਚਾਨੀਐ॥**
**ਲੋਚਨ ਸ੍ਰਵਨ ਮੁਖ ਨਾਸਕਾ ਅਨੇਕ ਸੋਤ੍ਰ,**
**ਦੇਖੈ ਸੁਨੈ ਬੋਲੈ ਮਨ ਮੇਕ ਉਰ ਠਾਨੀਐ॥**
**ਗੁਰਸਿਖ ਸੰਧਿ ਮਿਲੇ ਸੋਹੰ ਸੋਈ ਓਤਿ ਪੋਤਿ,**
**ਜੋਤੀ ਜੋਤਿ ਮਿਲਤ ਜੋਤੀ ਸਰੂਪ ਜਾਨੀਐ॥੧੦੮॥**

**ਪਦ ਅਰਥ** : ਸਬਦਿ ਸੁਰਤਿ—ਗੁਰ ਮੰਤਰ ਤੇ ਸੁਰਤਿ ਦਾ ਮੇਲ ਕੀਤਿਆਂ। ਆਪਾ ਖੋਇ—ਆਪਣਾ ਆਪ ਗੁਆ ਕੇ। ਪੂਰਨ ਬ੍ਰਹਮ—ਵਾਹਿਗੁਰੂ। ਕਾਸਟ—ਲਕੜੀ। ਮਾਲਾ—ਮੋਤੀਆਂ ਮਣਕਿਆਂ ਦੀ ਮਾਲਾ। ਗੋਰਸ—ਦੁੱਧ। ਗੋਬੰਸ—ਗਊਆਂ ਦੀ ਜਾਤੀ। ਬਿਬੇਕ—ਗਿਆਨ, ਸੋਝੀ। ਲੋਚਨ—ਨੇਤਰ, ਅੱਖਾਂ। ਸ੍ਰਵਨ—ਕੰਨ। ਨਾਸਕਾ—ਨੱਕ। ਸੋਤ੍ਰ—ਇੰਦਰੇ। ਮੇਕ—ਇਕ। ਉਰ—ਹਿਰਦਾ। ਠਾਨੀਐ—ਜਾਣਦਾ ਹੈ। ਸੰਧਿ—ਮਿਲਾਪ। ਸੋਹੰ ਸੋਈ—ਓਹੀ ਓਹੀ, ਵਾਹਿਗੁਰੂ ਵਾਹਿਗੁਰੂ। ਓਤਿ ਪੋਤਿ—ਤਾਣੇ ਪੇਟੇ ਵਾਂਗ।

**ਅਰਥ** : (ਸਤਿਗੁਰੂ ਦੇ ਬਖ਼ਸ਼ੇ)। ਗੁਰ-ਮੰਤਰ-ਸ਼ਬਦ ਦਾ ਸੁਰਤਿ ਨਾਲ ਮੇਲ ਕੀਤਿਆਂ ਅਤੇ ਮੈਂ-ਮੇਰੀ ਗੁਆਇਆਂ ਗੁਰੂ ਦਾ ਦਾਸ ਬਣ ਸਕੀਦਾ ਹੈ। (ਐਸਾ ਦਾਸ) ਸਭਨਾਂ ਵਿਚ ਪੂਰਨ ਬ੍ਰਹਮ ਵਾਹਿਗੁਰੂ ਨੂੰ ਪਰੀਪੂਰਨ ਹੋਇਆ ਜਾਣਦਾ ਹੈ।

(ਜਿਵੇਂ) ਸਭ ਤਰ੍ਹਾਂ ਦੀ ਲਕੜੀ ਵਿਚ ਇਕੋ ਅਗਨੀ ਹੁੰਦੀ ਹੈ, ਵਖ ਵਖ ਤਰ੍ਹਾਂ ਦੇ ਮਣਕੇ ਇਕੋ ਤਰ੍ਹਾਂ ਦੇ ਸੂਤਰ ਵਿਚ ਪ੍ਰੋਤੇ ਹੁੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਗਊਆਂ ਵਿਚ ਇਕੋ ਰੰਗ ਦਾ ਦੁੱਧ ਹੁੰਦਾ ਹੈ, ਇਵੇਂ ਹੀ (ਸਤਿਗੁਰੂ ਦੇ ਸੇਵਕ ਨੂੰ) ਅਨੇਕਾਂ ਜੀਵਾਂ ਜੰਤੂਆਂ ਵਿਚ ਵਸਦੇ ਇਕ ਵਾਹਿਗੁਰੂ ਦੀ ਸੋਝੀ ਹੋ ਆਉਂਦੀ ਹੈ।

(ਜਿਵੇਂ) ਅੱਖਾਂ, ਕੰਨ, ਮੂੰਹ, ਨੱਕ ਆਦਿ ਸਭ ਇੰਦਰਿਆਂ ਵਿਚ ਵੇਖਣ, ਸੁਣਨ ਤੇ ਬੋਲਣ ਵਾਲਾ ਇਕੋ ਮਨ ਹੈ, ਇਵੇਂ (ਗੁਰੂ ਦਾ ਦਾਸ) ਆਪਣੇ ਹਿਰਦੇ ਵਿਚ (ਸਭਨਾਂ ਜੀਆ ਵਿਚ ਵੇਖਣ, ਸੁਣਨ ਤੇ ਬੋਲਣ ਵਾਲੇ)


www.AKJ.Org

ਇਕੋ ਪ੍ਰਭੂ ਨੂੰ ਹੀ ਜਾਣਦਾ ਹੈ।

ਸਿਖ ਦਾ ਗੁਰੂ ਨਾਲ ਮਿਲਾਪ (ਗੁਰ ਭੇਟਣ) ਹੋਣ ਤੇ (ਗੁਰੂ ਕਾ ਦਾਸ) 'ਓਹੀ' 'ਓਹੀ' 'ਵਾਹਿਗੁਰੂ' 'ਵਾਹਿਗੁਰੂ' ਜਾਪ ਜਪਦਾ, ਤਾਣੇ ਪੇਟੇ ਵਾਂਗ ਉਸ ਵਿਚ ਮਿਲ ਜਾਂਦਾ ਹੈ। ਵਾਹਿਗੁਰੂ ਦੀ ਜੋਤੀ ਵਿਚ ਸੇਵਕ-ਸਿਖ ਦੀ ਜੋਤਿ ਮਿਲਣ ਨਾਲ, ਉਹ ਜੋਤੀ ਸਰੂਪ ਹੀ ਜਾਣਿਆ ਜਾਂਦਾ ਹੈ।੧੦੮।

**ਗਾਂਡਾ ਮੈ ਮਿਠਾਸ ਤਾਸ ਛਿਲਕਾ ਨ ਲੀਓ ਜਾਇ,**
**ਦਾਰਮ ਅਉ ਦਾਖ ਬਿਖੈ ਬੀਜ ਗਹਿ ਡਾਰੀਐ॥**
**ਆਂਬ ਖਿਰਨੀ ਛੁਹਾਰਾ ਮਾਂਝ ਗੁਠਲੀ ਕਠੋਰ,**
**ਖਰਬੂਜਾ ਅਉ ਕਲੀਦਾ ਸਜਲ ਬਿਕਾਰੀਐ॥**
**ਮਧੁ ਮਾਖੀ ਮੈ ਮਲੀਨ ਸਮੈ ਪਾਇ ਸਫਲ ਹੁਇ**
**ਰਸ ਬਸਿ ਭਏ ਨਹੀ ਤ੍ਰਿਸਨਾ ਨਿਵਾਰੀਐ॥**
**ਸ੍ਰੀ ਗੁਰ ਸਬਦ ਰਸ ਅੰਮ੍ਰਿਤ-ਨਿਧਾਨ ਪਾਨਿ,**
**ਗੁਰਸਿਖ ਸਾਧ ਸੰਗਿ ਜਨਮ ਸਵਾਰੀਐ॥੧੦੯॥**

**ਪਦ ਅਰਥ** : ਗਾਂਡਾ—ਗੰਨਾ। ਦਾਰਮ—ਅਨਾਰ। ਦਾਖ—ਅੰਗੂਰ। ਬਿਖੈ—ਵਿਚੋਂ। ਗਹਿ ਡਾਰੀਐ—ਫੜ ਕੇ ਸੁਟ ਦੇਈਦੇ ਹਨ। ਖ਼ਿਰਨੀ—ਖਿਰਣੀ, ਨਿਮੋਲੀ ਦੀ ਸ਼ਕਲ ਵਾਲੇ ਮਿਠੇ ਫਲਾਂ ਵਾਲਾ ਇਕ ਰੁਖ। ਮਾਂਝ—ਵਿਚ। ਕਲੀਦਾ—ਹਦਵਾਣਾ। ਸਜਲ—ਪਾਣੀ ਵਾਲਾ। ਬਿਕਾਰੀਐ—ਵਿਕਾਰ ਪੈਦਾ ਕਰਦਾ ਹੈ। ਮਧੁ—ਮਾਖਿਓ, ਸ਼ਹਿਦ। ਮਲੀਨ—ਮੈਲਾ। ਸਫ਼ਲ ਹੁਇ—ਸਾਫ ਹੋ ਕੇ। ਨਹੀਂ ਤ੍ਰਿਸਨਾ ਨਿਵਾਰੀਐ—(ਖਾਣ ਦੀ) ਚਾਹਨਾ ਮੁਕਦੀ ਨਹੀਂ। ਅੰਮ੍ਰਿਤ ਨਿਧਾਨ—ਅੰਮ੍ਰਿਤ ਦਾ ਖਜ਼ਾਨਾ, ਸੋਮਾ। ਪਾਨਿ—ਪੀਣ ਨਾਲ।

**ਅਰਥ** : ਗੰਨੇ ਵਿਚੋਂ ਮਿਠਾਸ ਲਈਦੀ ਹੈ, ਪਰ ਉਸ ਦਾ ਛਿਲਕਾ ਨਹੀਂ ਲਈਦਾ, ਅਨਾਰ ਅਤੇ ਅੰਗੂਰ ਵਿਚੋਂ ਬੀਂ ਸੁਟ ਦੇਈਦੇ ਹਨ।

ਅੰਬ, ਖਿਰਣੀ, ਛੁਹਾਰੇ ਦੀ ਗਿਟਕ ਸਖ਼ਤ ਹੁੰਦੀ ਹੈ, ਅਤੇ ਖਰਬੂਜਾ ਤੇ ਹਦਵਾਣਾ (ਭਾਵੇਂ ਮਿੱਠੇ ਹਨ, ਪਰ) ਪਾਣੀ ਛਡ ਜਾਣ ਤਾਂ ਵਿਗਾੜ ਕਰਦੇ ਹਨ।

ਸ਼ਹਿਦ ਮੱਖੀਆਂ ਨਾਲ ਮੈਲਾ ਹੁੰਦਾ ਹੈ, ਪਰ ਸਮਾਂ ਪਾ ਕੇ ਜਦੋਂ ਸਾਫ਼ ਕਰ ਲਿਆ ਜਾਂਦਾ ਹੈ ਤਾਂ ਉਸ ਦੇ ਸੁਆਦ ਦੇ ਵਸ ਹੋਇਆਂ, ਖਾਣ ਦੀ ਚਾਹਨਾ ਮੁਕਦੀ ਨਹੀਂ।

ਗੁਰਸਿਖ, ਸਾਧ ਸੰਗਤ ਵਿਚ ਮਿਲ ਕੇ ਗੁਰੂ ਬਖਸ਼ੇ ਨਾਮ-ਸ਼ਬਦ-ਰਸੁ, ਜੋ ਅੰਮ੍ਰਿਤ ਦਾ ਸੋਮਾ ਹੈ, ਨੂੰ ਪ ਕੇ ਮਨੁਖਾ ਜਨਮ ਸਫਲਾ ਕਰ ਲੈਂਦਾ ਹੈ।੧੦੯।

ਭਾਵ : ਉਪਰੋਕਤ ਸਭ ਵਸਤੂਆਂ ਮਿਠੀਆਂ ਹਨ, ਪਰ ਇਨ੍ਹਾਂ ਨਾਲ ਵਿਕਾਰ ਵੀ ਚੰਬੜੇ ਹੋਏ ਹਨ। ਪਰ ਨਾਮ-ਸ਼ਬਦ-ਰਸ ਜੀਵਨ ਨੂੰ ਸਫ਼ਲਾਉਣ ਵਾਲਾ ਅਤੇ ਸਮੂਲਚਾ ਹੀ ਅੰਮ੍ਰਿਤ ਹੈ। ਇਸ ਨਾਮ-ਅੰਮ੍ਰਿਤ-ਰਸ ਦੀ ਬਰਾਬਰੀ ਇਹ ਵਸਤੂਆਂ ਨਹੀਂ ਕਰ ਸਕਦੀਆਂ।

**ਸਲਿਲ ਮੈ ਧਰਨਿ, ਧਰਨਿ ਮੈ ਸਲਿਲ ਜੈਸੇ,**
**ਕੂਪ ਅਨਰੂਪ ਕੈ ਬਿਮਲ ਜਲ ਛਾਇ ਹੈ॥**
**ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ,**
**ਏਕੈ ਜਲ ਘਟ ਘਟ ਘਟਿਕਾ ਸਮਾਇ ਹੈ॥**
**ਜਾਹੀ ਜਾਹੀ ਘਟਿਕਾ ਮੈ ਦ੍ਰਿਸਟਿ ਕੈ ਦੇਖੀਅਤ,**
**ਪੇਖੀਅਤ ਆਪਾ ਆਪੁ, ਆਨ ਨ ਦਿਖਾਇ ਹੈ॥**


www.AKJ.Org

ਪੂਰਨ ਬ੍ਰਹਮ ਗੁਰੁ ਏਕੰਕਾਰ ਕੈ ਅਕਾਰ,
ਬ੍ਰਹਮ ਬਿਬੇਕ ਏਕ ਟੇਕ ਠਹਿਰਾਏ ਹੈ ॥੧੧੦॥

**ਪਦ ਅਰਥ** : ਸਲਿਲ—ਪਾਣੀ । ਧਰਨਿ—ਧਰਤੀ । ਕੂਪ—ਖੂਹ । ਅਨਰੂਪ—ਉਸੇ ਜਿਹਾ । ਬਿਮਲ—ਨਿਰਮਲ । ਘਟਿਕਾ—ਘੜੀਆਂ । ਤਾਹੀ—ਓਹੀ । ਘਟ ਘਟ ਘਟਿਕਾ—ਘੜਿਆਂ ਘੜੀਆਂ ਵਿਚ । ਜਾਹੀ ਜਾਹੀ—ਜਿਸ ਜਿਸ । ਦ੍ਰਿਸਟਿ—ਦ੍ਰਿਸ਼ਟੀ, ਨਜ਼ਰ । ਪੇਖੀਅਤ—ਵੇਖੀਦਾ ਹੈ । ਆਪਾ ਆਪੁ—ਆਪਣਾ ਆਪ । ਆਨ—ਹੋਰ । ਅਕਾਰ—ਵਜੂਦ । ਬ੍ਰਹਮ ਬਿਬੇਕ—ਵਾਹਿਗੁਰੂ ਦਾ ਗਿਆਨ ।

**ਅਰਥ** : ਜਿਵੇਂ ਪਾਣੀ ਅੰਦਰ ਧਰਤੀ ਹੁੰਦੀ ਹੈ ਅਤੇ ਧਰਤੀ ਵਿਚ ਪਾਣੀ; ਜਿਹਾ ਕਿ ਖੂਹ ਦੇ ਰੂਪ ਵਿਚ (ਧਰਤੀ ਖੋਦੀ ਜਾਂਦੀ ਹੈ ਤਾਂ ਉਥੇ) ਨਿਰਮਲ ਜਲ ਪਸਰਿਆ ਹੁੰਦਾ ਹੈ ।

ਉਸੇ ਜਲ ਅਤੇ ਮਿੱਟੀ ਤੋਂ ਕਈ ਘੜੇ ਘੜੀਆਂ ਬਣਾਈਆਂ ਜਾਂਦੀਆਂ ਹਨ, ਪਰ ਸਾਰੇ ਘੜਿਆਂ ਘੜੀਆਂ ਵਿਚ ਇਕੋ ਤਰ੍ਹਾਂ ਦਾ ਹੀ ਜਲ ਹੁੰਦਾ ਹੈ ।

ਜਿਸ ਜਿਸ ਘੜੀ ਵਿਚ ਨਜ਼ਰ ਲਾ ਕੇ ਵੇਖੀਏ ਤਾਂ (ਉਸ ਉਸ ਵਿਚ) ਆਪਣੇ ਆਪ ਦਾ ਪਰਛਾਵਾਂ ਹੀ ਵੇਖੀਦਾ ਹੈ, (ਉਥੇ) ਹੋਰ ਕਝ ਨਹੀਂ ਦਿਸਦਾ ।

ਏਕੰਕਾਰ ਪੂਰਨ ਬ੍ਰਹਮ, ਗੁਰੂ ਦੇ ਅਕਾਰ ਵਿਚ ਪ੍ਰਗਟ ਹੋ ਕੇ (ਸਿੱਖਾਂ ਦੇ ਹਿਰਦੇ ਵਿਚ) ਇਕ ਬ੍ਰਹਮ ਦੀ ਟੇਕ ਠਹਿਰਾਉਂਦੇ ਹਨ । (ਭਾਵ, ਹਰੇਕ ਹਿਰਦੇ ਵਿਚ ਇਕ ਵਾਹਿਗੁਰੂ ਦਾ ਰੂਪ ਹੀ ਦਿਖਾ ਦਿੰਦੇ ਹਨ) ।੧੧੦।

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਂਹਿ ਬਾਰੰਬਾਰ ਗੁਰ ਹੇਤ ਹੈ ॥
ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ ॥
ਸਤਿਗੁਰੁ ਦਇਆ ਨਿਧਿ, ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮ ਨੇਤਿ ਨੇਤਿ ਨੇਤਿ ਹੈ ॥੧੧੧॥

**ਪਦ ਅਰਥ** : ਪੈਂਡਾ—ਕਦਮ । ਕੋਟਿ—ਕਰੋੜ । ਸਿਮਰਨ—ਯਾਦ । ਤਾਂਹਿ—ਤਿਸ ਨੂੰ, ਉਸ ਨੂੰ । ਹੇਤ—ਪਿਆਰ । ਭਾਵਨੀ ਭਗਤਿ ਭਾਇ—ਪ੍ਰੇਮਾ ਭਗਤੀ ਤੇ ਸ਼ਰਧਾ ਨਾਲ । ਅਗ੍ਰਭਾਗ—ਅਗੇ, ਸਾਹਮਣੇ । ਨਿਧਾਨ—ਖ਼ਜ਼ਾਨੇ । ਦਇਆ ਨਿਧਿ—ਦਇਆ ਦੇ ਸਮੁੰਦਰ । ਅਗਾਧਿ—ਜਿਸ ਦੀ ਥਾਹ ਨਾ ਪਾਈ ਜਾ ਸਕੇ, ਅਤਿ ਡੂੰਘਾ । ਬੋਧ—ਗਿਆਨ, ਸੋਝੀ । ਨਮੋ—ਨਮਸਕਾਰ । ਨੇਤਿ—ਨਹੀਂ ਹੈ ਉਸ ਜਿਹਾ, ਬੇਅੰਤ ।

**ਅਰਥ** : (ਜਿਹੜਾ ਸਿਖ) ਗੁਰੂ ਦੀ ਚਰਨ-ਸ਼ਰਨ ਵਿਚ ਇਕ ਕਦਮ ਚਲ ਕੇ ਜਾਂਦਾ ਹੈ, ਸਤਿਗੁਰੂ (ਉਸ ਨੂੰ) ਕਰੋੜਾਂ ਕਦਮ ਅੱਗੇ ਹੋ ਕੇ ਲੈਣ ਆਉਂਦੇ ਹਨ ।

(ਜਿਹੜਾ ਸਿਖ) ਇਕ ਵਾਰੀ ਵੀ ਸਤਿਗੁਰੂ ਦੇ (ਬਖਸ਼ੇ ਗੁਰ-ਸ਼ਬਦ) ਮੰਤ੍ਰ ਦੇ ਸਿਮਰਨ ਮਾਤ੍ਰ ਵਿਚ ਜੁੜਦਾ ਹੈ, ਸਤਿਗੁਰੂ ਉਸ ਨੂੰ ਕਰੋੜਾਂ ਵਾਰ ਪਿਆਰ ਨਾਲ ਯਾਦ ਕਰਦੇ ਹਨ ।

(ਜਿਹੜਾ ਸਿਖ) ਪ੍ਰੇਮਾ ਭਗਤੀ ਅਤੇ ਸਿਦਕ ਨਾਲ ਸਤਿਗੁਰੂ ਅਗੇ (ਭੇਟਾ ਵਜੋਂ ਤੁਛ ਮਾਤ੍ਰ) ਇਕ ਕੌਡੀ ਵੀ ਰਖਦਾ ਹੈ, ਸਤਿਗੁਰੂ ਉਸ ਸਿਖ ਨੂੰ (ਨਮ-ਭਗਤੀ ਦੇ) ਬੇਅੰਤ ਖ਼ਜ਼ਾਨੇ ਬਖ਼ਸ਼ ਦੇਂਦੇ ਹਨ ।

ਸਤਿਗੁਰੂ ਦਇਆ ਦੇ ਸਮੁੰਦਰ ਹਨ ਅਤੇ ਉਨ੍ਹਾਂ ਦੀ ਮਹਿਮਾ ਸਮਝ-ਸੋਝੀ ਤੋਂ ਪਰੇ ਹੈ, ਇਸ ਲਈ ਉਨ੍ਹਾਂ ਨੂੰ (ਆਤਮਾ, ਮਨ, ਬਾਣੀ ਤੇ ਸਰੀਰ ਕਰਕੇ) ਬਾਰੰਬਾਰ ਨਮਸਕਾਰ ਹੈ, ਕਿਉਂਕਿ ਉਨ੍ਹਾਂ ਵਰਗਾ (ਤਿੰਨ ਕਾਲ) ਹੋਰ ਕੋਈ ਨਹੀਂ ਹੈ ।੧੧੧।


www.AKJ.Org

# ਪੰਜ ਗਿਆਨ ਇੰਦਰਿਆਂ ਦੇ ਬਿਸਮਾਦੀ ਕੌਤਕ

[ਪ੍ਰਿੰਸੀਪਲ ਸੱਜਣ ਸਿੰਘ ਜੀ, ੬੧੯-ਗੋਬਿੰਦਪੁਰੀ, ਨਵੀਂ ਦਿਲੀ-੧੯]

ਗੁਰਮਤਿ ਅਨੁਸਾਰ ਕੋਈ ਘਾਲ ਬਿਰਥੀ ਨਹੀਂ ਜਾਂਦੀ, ਪਰ ਜੇ ਇਹ ਮਿਹਨਤ-ਮੁਸ਼ੱਕਤਿ ਗਲਤ ਜੁਗਤੀ ਅਧੀਨ ਕੀਤੀ ਹੋਵੇ ਤਾਂ ਤੇਲੀ ਦੇ ਬਲਦ ਵਾਂਗ ਜਾਂ ਪਾਣੀ ਰਿੜਕਣ ਵਾਂਗ ਨਿਹਫਲ ਸਿੱਧ ਹੁੰਦੀ ਹੈ। ਹੁਣ ਵੀ ਬਥੇਰੇ ਪ੍ਰਾਣੀ ਮੱਥੇ ਘਸਾਉਂਦੇ ਹਨ, ਤੀਰਥ ਇਸ਼ਨਾਨ ਕਰਦੇ ਹਨ, ਸੱਚੇ ਗੁਰੂ ਦੇ ਦਰਸ਼ਨ ਕਰਦੇ ਹਨ, ਸੱਚ ਨਾਮ ਉਪਦੇਸ਼ ਸੁਣਦੇ ਹਨ, ਸਾਤਵਕ ਭੋਜਨ ਦਾ ਸੇਵਨ ਕਰਦੇ ਹਨ, ਪਰ ਉਨ੍ਹਾਂ ਦੀ ਸੁਰਤੀ-ਬਿਰਤੀ ਪੱਥਰ ਵਾਂਗ ਕਠੋਰ ਤੇ ਅਹਿੱਲ ਰਹਿੰਦੀ ਹੈ। ਦੂਸਰੇ ਪਾਸੇ, ਜੇ ਮਨ ਵਿਚ ਸ਼ਕਤੀ, ਸ਼ੁੱਧਤਾ ਤੇ ਅਡੋਲਤਾ ਦਾ ਨਿਵਾਸ ਨਹੀਂ, ਤਾਂ ਗਿਆਨ ਇੰਦਰਿਆਂ ਦਾ ਪਤਿਆਰਾ ਵੀ ਨਹੀਂ ਰਹਿੰਦਾ। ਕਈ ਤਰ੍ਹਾਂ ਦੀਆਂ ਜ਼ਿਦ-ਬਾਜ਼ੀਆਂ, ਅੜੀਆਂ, ਨਿਹੋਰੇ ਤੇ ਬਦਕਲਾਮੀਆਂ ਇਸ ਕਰਕੇ ਵੀ ਵਾਪਰਦੀਆਂ ਹਨ ਕਿ ਹਕੀਕਤ ਹੋਰ ਹੁੰਦੀ ਹੈ, ਪਰ ਦਿੱਸਦੀ ਕੁਝ ਹੋਰ ਹੈ, ਜਾਂ ਕੋਈ ਮਨੁੱਖ ਆਪਣੇ ਵਿਚਾਰ ਠੋਸਣ ਤੇ ਤੁੱਲਿਆ ਹੁੰਦਾ ਹੈ ਤੇ ਦੂਸਰੇ ਦੀ ਗੱਲ ਵਲ ਧਿਆਨ ਨ ਦੇਣ ਕਾਰਨ ਗਲਤ ਰੂਪ ਵਿਚ ਸੁਣਦਾ ਹੈ। ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦੇ ਭੁਲੇਖਿਆਂ ਦਾ ਆਧਾਰ ਝੂਠ ਜਾਂ ਕਪਟ ਹੋਵੇ; ਕ੍ਰੋਧ, ਲੋਭ ਜਾਂ ਹੰਕਾਰ ਦਾ ਅੰਸ਼ ਵੀ ਹੋ ਸਕਦਾ ਹੈ। ਇਸ ਤਰ੍ਹਾਂ ਦੀ ਸਥਿੱਤੀ ਵਿਚ ਗ੍ਰਸਤ ਹੋਏ ਜੀਵ ਦੇ ਬਚਨਾਂ ਤੇ ਵਿਸ਼ਵਾਸ ਕਰ ਕੇ ਤਾਣੀਆਂ ਹੋਰ ਉਲਝ ਜਾਂਦੀਆਂ ਹਨ।

ਉਹ ਗੁਰਮੁਖ ਜਨ, ਜਿਹੜੇ ਰਾਜਸੀ ਦਬਾਉ ਅੱਗੇ ਝੁਕਦੇ ਨਹੀਂ, ਸਮਾਜਕ ਤੇ ਧਾਰਮਕ ਕੁਰੀਤੀਆਂ ਦਾ ਡਟ ਕੇ ਟਾਕਰਾ ਕਰਦੇ ਹਨ, ਤੇ ਆਤਮਕ ਬੁਲੰਦੀਆਂ ਨੂੰ ਛੂਹ ਕੇ ਉੱਚ ਆਸਣ ਤੇ ਡੇਰਾ ਲਾਈ ਰੱਖਦੇ ਹਨ, ਉਹਨਾਂ ਨੇ ਪਹਿਲਾਂ ਹੀ, ਸਤਿਗੁਰੂ ਦੀ ਬਖਸ਼ਸ਼ ਦੁਆਰਾ ਇੰਦਰੀਆਂ ਨੂੰ ਸੋਧਿਆ ਹੁੰਦਾ ਹੈ—

ਗੁਰਿ ਭਉਜਲੁ ਪਾਰ ਲੰਘਾਇਆ, ਜਿਤਾ ਪਾਵਾੜਾ ॥
ਗੁਰਮਤੀ ਸਭਿ ਰਸ ਭੋਗਦਾ, ਵਡਾ ਆਖਾੜਾ ॥
ਸਭਿ ਇੰਦ੍ਰੀਆਂ ਵਸਿ ਕਰਿ ਦਿਤੀਓ ਸਤਵੰਤਾਸਾੜਾ ॥
ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥੧੦॥

[ਮਾਰੂ ਵਾਰ ਮ: ੫ ਡਖਣੇ—੧੦੯੭-੯੮.

ਇਹ ਤਬਦੀਲੀ ਗੱਲਾਂ ਨਾਲ ਨਹੀਂ ਹੁੰਦੀ, ਨਾ ਕੇਵਲ ਆਪਣੇ ਕਰਮਾਂ ਨਾਲ, ਕਿਉਂਕਿ ਹੁਕਮ ਸਭ ਤੋਂ ਸ਼੍ਰੋਮਣੀ ਹੈ। ਹੁਕਮਨ ਸਿਰ ਹੁਕਮ, ਸਤਿਗੁਰੂ ਵਾਲਾ ਬਣ ਕੇ ਨਾਮ ਅਭਿਆਸ ਕਰਨ ਦਾ ਹੈ, ਜਿਸ ਦੇ ਫਲ-ਸਰੂਪ ਰਸ-ਜੋਤਿ, ਪ੍ਰਕਾਸ਼ ਦੀ ਗੁੱਝੀ ਕਲਾ ਜ਼ਾਹਰਾ ਜ਼ਹੂਰ ਪ੍ਰਗਟ ਹੋਇ ਆਉਂਦੀ ਹੈ। ਇਉਂ ਪੰਜ ਗਿਆਨ ਇੰਦਰੀਆਂ ਵੀ ਆਤਮਕ ਅਨੰਦ ਦੀ ਖੁਸ਼ੀ ਦਾ ਗੀਤ ਗਾਉਂਦੀਆਂ ਹਨ। ਹੁਕਮ ਹੈ —

ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥
ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥੩॥੧੧॥

[ਆਸਾ ਮ: ੫—੩੭੫

ਪੰਚਮ ਪਿਤਾ ਨੇ ਸੁਹਾਗਣ ਰੂਪ ਸਖੀ ਸਹੇਲੜੀ ਨੂੰ ਪਵਿੱਤਰ ਆਚਰਣ ਦਾ ਸੀਗਾਰ, ਭਉ ਦਾ ਸੁਰਮਾ, ਅੰਮ੍ਰਿਤ ਨਾਮ ਦਾ ਤੰਬੋਲ (ਪਾਨ) ਤੇ ਸ਼ੁਭ ਗੁਣਾਂ ਦਾ ਤੰਤਰ ਧਾਰਨ ਕਰ ਕੇ ਦਸ ਇੰਦਰੀਆਂ (ਗਿਆਨ ਤੇ ਕਰਮ ਇੰਦਰੀਆਂ) ਨੂੰ ਦਾਸੀਆਂ ਬਣਾ ਕੇ ਸੇਵਾ ਕਰਾਉਣ ਦੀ ਜੁਗਤੀ ਦੱਸੀ ਹੈ। ਪਾਵਨ ਹੁਕਮ ਹੈ—

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰਿ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥
ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥੧॥
ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥੧॥ਰਹਾਉ॥



www.AKJ.Org

ਸਤੁ ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥
ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥
ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥੩॥
ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥
ਨਵਰੰਗ ਲਾਲੁ ਸੇਜ ਰਾਵਣ ਆਇਆ ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥ [ਸੂਹੀ ਮ: ੫—੭੩੭

ਗੁਰਦੇਵ ਜੀ ਫ਼ੁਰਮਾਉਂਦੇ ਹਨ ਕਿ ਇਹ ਇੰਦਰੀਆਂ ਇਕ (ਸਤਿ ਨਾਮੁ ਜਾਂ ਉੱਚੀ ਸੁਰਤੀ) ਦੀ ਤਾਬਿਆਦਾਰੀ ਕਰ ਕੇ ਵੈਰਾਗਵਾਨ ਬਣ ਗਈਆਂ ਹਨ ਤੇ ਪੁਰਾਣਾ ਸੁਭਾਉ ਛੱਡ ਕੇ ਵਿਸ਼ਿਆਂ ਤੋਂ ਨਿਰਲੇਪ ਹੋ ਗਈਆਂ ਹਨ—

ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥੧੩੨॥ [ਗਉੜੀ ਮ: ੫—੨੦੮

ਪੂਰਨ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਸਾਧਾਰਨ ਦ੍ਰਿਸ਼ਟੀ ਨਹੀਂ ਰਹਿੰਦੀ। ਉਸਨੂੰ ਬ੍ਰਹਮੰਡ ਵਿਚ ਅਕਾਲ ਪੁਰਖ ਦੀ ਜੋਤਿ ਇਕ-ਸਮਾਨ ਪਸਰੀ ਨਜ਼ਰ ਆਉਂਦਾ ਹੈ, ਦ੍ਵੈਤ ਭਾਵਨਾ ਦਾ ਨਾਮ ਨਿਸ਼ਾਨ ਮਿਟ ਜਾਂਦਾ ਹੈ, ਦਰਸ-ਪਿਆਸੀਆਂ ਅੱਖੀਆਂ ਨੂਰਾਨੀ ਜੋਤਿ ਦੀ ਝਲਕ ਤੱਕ ਕੇ ਮੋਹੀਆਂ ਜਾਂਦੀਆਂ ਹਨ—

ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥
ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥੩॥
ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥ [ਆਸਾ ਮ: ੫—੩੯੭

ਜਦ ਬ੍ਰਹਮ ਗਿਆਨੀ ਪ੍ਰੇਮ ਦੀ ਤੀਬਰਤਾ ਕਾਰਨ ਵੈਰਾਗਮਈ ਅਵਸਥਾ ਵਿਚ ਵਿਚਰਦਾ ਹੈ, ਉਸ ਦੇ ਨੇਤਰਾਂ 'ਚੋਂ ਆਸਾਰ ਨੀਰ ਵਹਿੰਦਾ ਹੈ, ਕਦੇ ਰੋਂਦਾ ਹੈ, ਕਦੇ ਹੱਸਦਾ ਹੈ, ਜਾਂ ਭਾਣੇ ਵਿਚ ਚੁੱਪ ਹੋਇ ਰਹਿੰਦਾ ਹੈ। ਨਾਮ ਦੀ ਖੁਮਾਰੀ ਐਸਾ ਪ੍ਰੇਮ ਦਾ ਨਸ਼ਾ ਹੈ ਜਿਹੜਾ ਅੱਖਾਂ ਵਿਚ ਅਜਬ ਸਰੂਰ ਭਰਨ ਵਾਲੀ ਲਾਲੀ ਭਰਦਾ ਹੈ। ਇਹ ਲਾਲੀ ਰੋਗੀ ਅਖਾਂ ਦੀ ਲਾਲੀ ਤੋਂ ਬਿਲਕੁਲ ਵੱਖਰੀ ਹੈ। ਇਸ ਵਿਚ ਸਹਜ, ਖੇੜਾ, ਅਨੰਦ ਹੈ, ਰੂਹਾਨੀ ਖਿੱਚ ਹੈ, ਪਰ ਪ੍ਰੇਮਾ-ਭਗਤੀ ਤੋਂ ਵਿਰਵੀਆਂ ਅੱਖਾਂ ਵਿਚ ਦਰਦ, ਭਟਕਣ ਤੇ ਅਸ਼ਾਂਤੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ੧੯੦੪ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਬੀਤੀ ਘਟਨਾ ਦਾ ਹਵਾਲਾ ਨਦਰ-ਅਨੰਦੀ ਵਿਗਾਸ ਚਿੱਠੀ ਨੰਬਰ ੪ ਵਿਚ ਦਿੱਤਾ ਹੈ—

(੧) ਹੁਣ ਤੋਂ ਵਧ ਕੇ ਸੁਆਦਲੀ ਗੱਲ ਇਹ ਕਿ ਮੇਰੀਆਂ ਪ੍ਰੇਮ-ਕਸਾਈਆਂ ਤੇ ਹਿਤ-ਅਲਸਾਈਆਂ ਅੱਖੀਆਂ ਵਿਚ ਇਕ ਰਸਿਕ ਅਨੰਦ ਬਿਨੋਦੀ ਖਿੱਚ ਮੈਨੂੰ ਆਪਣੇ ਆਪ ਨੂੰ ਖੀਵਾ ਕਰੀ ਜਾਵੇ।

[ਜੇਲ੍ਹ ਚਿੱਠੀਆਂ, ਪੰਨਾ ੬੯

(੨) ਹੁਣ ਸਾਰੀ ਸੰਗਤ ਵਿਚ ਇਕ ਹੋਰ ਹਵਾ ਫਿਰੀ, ਕਿ ਜੋ ਮੇਰੇ ਨੇੜੇ ਆਵੇ ਓਹੋ ਰੀਝ ਤੇ ਨੀਝ ਲਾ ਕੇ ਝੁਕ ਝੁਕ ਮੇਰੀਆਂ ਅੱਖਾਂ ਵਲ ਵੇਖੇ ਤੇ ਵੇਖੀ ਜਾਵੇ, ਹਟੇ ਨਾ। ਮੈਂ ਔਖਾ ਹੋ ਕੇ ਕੰਬਲ ਆਪਣੇ ਮੂੰਹ ਤੇ ਲੈ ਲਵਾਂ, ਪਰ ਉਹ ਫੇਰ ਲਹਿ ਜਾਵੇ। ਫੇਰ ਉਹੋ ਹਾਲ। ਮੇਰੀਆਂ ਅੱਖਾਂ ਵਲ ਸਾਰਿਆਂ ਦੀਆਂ ਝਾਤੀਆਂ। ਮੈਂ ਅੱਕ ਕੇ ਆਖ ਹੀ ਦਿੱਤਾ ਕਿ ਤੁਸੀਂ ਮੇਰੀਆਂ ਅੱਖਾਂ ਵਲ ਕਿਉਂ ਔਖੇ ਹੋ ਕੇ ਦੇਖਦੇ ਹੋ? ਦੋ ਤਿੰਨਾਂ ਨੇ ਕਿਹਾ, ਜੋ ਬਹੁਤ ਹੀ ਲੱਟੂ ਹੋਇ ਫਿਰਦੇ ਸਨ ਕਿ ਇਨ੍ਹਾਂ ਅਖਾਂ ਵਿਚ ਐਸੀ ਖਿੱਚ ਤੇ ਚਮਕ ਹੈ; ਜੋ ਚੁੰਬਕ


www.AKJ.Org

ਵਾਂਙੂ ਸਾਡੀਆਂ ਦ੍ਰਿਸ਼ਟੀਆਂ ਨੂੰ ਖਿਚਦੀ ਹੈ । ਮੈਨੂੰ ਇਹ ਗੱਲਾਂ ਸੁਣ ਕੇ ਬੜੀ ਸੰਗ ਲਗੇ, ਐਵੇਂ ਟਾਲ-ਮਟੋਲੇ ਕਰੀ ਜਾਵਾਂ । [ਜੇਲ੍ਹ ਚਿੱਠੀਆਂ, ਪੰਨਾ ੭੦-੭੧

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜਦ ਸਮਾਧੀ ਬਾਅਦ ਨੇਤਰ ਖੋਲ੍ਹਦੇ ਸਨ ਤਾਂ ਉਹਨਾਂ ਵਿਚੋਂ ਅੰਮ੍ਰਿਤ ਨਾਮ ਦੇ ਝਰਨੇ ਵਗਦੇ ਸਨ । ਭਾਵੇਂ ਇਹ ਅੰਮ੍ਰਿਤ-ਵਰਖਾ ਇਕ-ਸਾਰ ਸੀ, ਫਿਰ ਵੀ ਸੰਗਤ ਹਜ਼ੂਰ ਦੀ ਪਹਿਲੀ ਦ੍ਰਿਸ਼ਟੀ ਆਪਣੇ ਉੱਪਰ ਪੁਆਉਣ ਲਈ ਤਰਸਦੀ ਸੀ । ਟਲ ਭੱਟ ਇਸ ਅੰਮ੍ਰਿਤ ਦ੍ਰਿਸ਼ਟੀ ਦਾ ਵਰਨਣ ਸਵੱਈਆਂ ਵਿਚ ਕਰਦਾ ਹੈ—

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥ (ਸਵਈਏ ਮਹਲੇ ਦੂਜੇ ਕੇ,੧੩੯੨)

ਸਤਿਗੁਰੂ ਨਾਨਕ ਦੇਵ ਜੀ ਦੀ ਅਮਿਅ ਦ੍ਰਿਸ਼ਟੀ ਨੇ ਤਨ, ਮਨ ਤੇ ਆਤਮਾ ਦੀਆਂ ਕੱਚਿਆਈਆਂ ਦੂਰ ਕਰ ਕੇ ਇਨ੍ਹਾਂ ਨੂੰ ਸਦਾ ਲਈ ਪ੍ਰਫੁੱਲਤ ਕਰ ਦਿੱਤਾ, ਕਉੜਤਣ ਮਿਟਾ ਕੇ ਮਿਠਾਸ ਭਰੀ, ਸੁੱਕੇ ਬਿਰਛ-ਬੂਟਿਆਂ ਨੂੰ ਹਰਿਆਲੀ ਦਿੱਤੀ, ਧੁਆਂਖਿਆਂ ਹਿਰਦਿਆਂ ਨੂੰ ਜਗਮਗਾਇਆ, ਮੁਰਦਾ ਰੂਹਾਂ ਨੂੰ ਨਵ-ਜੀਵਨ ਬਖਸ਼ਿਆ, ਅਨਿਕ ਰੋਗਾਂ ਦੀ ਨਵਿਰਤੀ ਕੀਤੀ ਤੇ ਮਾਇਆ ਵਿਚ ਚੁੰਧਿਆਏ ਹੋਇਆਂ ਨੂੰ ਪ੍ਰਭੂ ਦੇਖਣ ਦੀ ਚਾਹ ਦੀ ਦਾਤਿ ਬਖ਼ਸ਼ੀ ।

ਕਲਗੀਧਰ ਪਾਤਸ਼ਾਹ ਜੀ ਦੇ ਮਸਤ ਨੈਣਾਂ ਦੀ ਤਾਬ ਨੂੰ ਕਿਹੜਾ ਝੱਲ ਸਕਦਾ ਸੀ ? ਜੋ ਵੈਰੀ ਨੂੰ ਵੀ ਤੱਕਣ ਦਾ ਸੁਭਾਗ ਪ੍ਰਾਪਤ ਹੋਇਆ, ਉਹ ਵੀ ਨਦਰੀ ਨਦਰਿ ਨਿਹਾਲ ਹੋ ਗਿਆ । ਭਾਈ ਨੰਦ ਲਾਲ ਆਪਣੀ ਦੂਸਰੀ ਗ਼ਜ਼ਲ ਵਿਚ ਆਖਦੇ ਹਨ :—

ਮਾ ਨਮੇ ਆਰੇਮ ਤਾਬੇ ਗ਼ਮਜ਼ਾ-ਇ ਮਿਯਗਾਨਿ ਊ ॥
ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬਵਦ ਦਰਕਾਰਿ ਮਾ ॥੨॥

ਅਰਥਾਤ, ਮੈਂ ਉਸ ਮਸਤ ਨੇਤਰਾਂ ਵਾਲੇ ਦੀ ਇਕ ਨਿਗਾਹ ਵੀ ਨਹੀਂ ਸਹਾਰ ਸਕਦਾ । ਮੈਨੂੰ ਲੋੜ ਹੈ ਕੇਵਲ ਇਕ ਮਿਹਰ ਦੀ ਤੱਕਣੀ ਦੀ, ਜਿਹੜੀ ਮੇਰੇ ਲਈ ਸੰਜੀਵਨੀ ਬੂਟੀ ਹੈ ।

ਸਤਿਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨ ਕਮਲ ਪਰਸਣ ਦੀ ਮਹਿਮਾ ਅਪਰ ਅਪਾਰ ਹੈ । ਜਿਸਨੇ ਸੀਸ ਨਿਵਾਇਆ, ਉਸ ਦੇ ਮੱਥੇ ਦੀਆਂ ਉਲਟੀਆਂ ਰੇਖਾਵਾਂ ਸਿੱਧੀਆਂ ਹੋ ਗਈਆਂ । ਇਨਸਾਨ ਤਾਂ ਸਜੀਵ ਹੈ, ਧਰਤੀ ਵੀ ਪਰਸਣ ਯੋਗ ਹੋ ਗਈ ।

ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ॥ [ਭਾਈ ਗੁਰਦਾਸ ਜੀ, ੧/੨੭

ਹਜ਼ੂਰ ਦਾ ਸਮੁੱਚਾ ਜੀਵਨ ਸਪਰਸ਼-ਕਲਾ ਦੀਆਂ ਰਹਿਮਤਾਂ ਨਾਲ ਭਰਪੂਰ ਹੈ—ਪੱਥਰ ਪਰਸਿਆ, ਮੋਮ ਵਾਂਗ ਢਲ ਗਿਆ ਤੇ ਪੰਜੇ ਦਾ ਨਿਸ਼ਾਨ ਬਣਾ ਗਿਆ । ਚਰਨ ਕਮਲਾਂ ਨਾਲ ਧਰਤੀ ਪਰਸੀ, ਨਿਰਮਲ ਜਲ ਦਾ ਪਰਵਾਹ ਚੱਲ ਪਿਆ । ਤੇ ਇਹ ਅਸਥਾਨ ਭਾਰਤ ਦਾ ਪੰਜਾ ਸਾਹਿਬ [ਬਿਦਰ ਵਿਚ] ਦੇ ਨਾਮ ਨਾਲ ਸੁਸ਼ੋਭਤ ਹੋਇਆ । ਭਾਈ ਲਾਲੋ ਦੀ ਦਸਾਂ ਨਹੁੰਆਂ ਦੀ ਕਿਰਤ ਦੀ ਰੋਟੀ ਵਿਚੋਂ ਦੁੱਧ ਦੀ ਧਾਰਾ ਤੇ ਮਲਕ ਭਾਗੋ ਦੀ ਪਾਪ ਦੀ ਕਮਾਈ ਤੋਂ ਬਣੀ ਪੂੜੀ ਵਿਚੋਂ ਖੂਨ ਦੀ ਧਾਰਾ ਵਹਿ ਤੁਰੀ । ਜਿਸ ਦੇ ਮੱਥੇ ਤੇ ਹੱਥ ਰਖਿਆ, ਉਸ ਦੇ ਸਰੀਰ ਵਿਚ ਝਰਨਾਟ ਛਿੜੀ ਤੇ ਕਪਾਟ ਖੁੱਲ੍ਹ ਗਏ । ਕੋੜ੍ਹੀ ਤੇ ਬਖਸ਼ਸ਼ ਕੀਤੀ, ਰੋਗੀ ਕਾਇਆ ਕੰਚਨ-ਵੰਨੀ ਅਰੋਗ ਸਰੀਰ ਵਿਚ ਬਦਲ ਗਈ ।


www.AKJ.Org

ਨਾਮ ਦੀ ਕਲਾ ਦਾ ਪ੍ਰਭਾਵ ਕੇਵਲ ਮਨ ਤੇ ਹੀ ਨਹੀਂ ਪੈਂਦਾ, ਤ੍ਵਚਾ ਤੇ ਤਨ ਦੇ ਰੋਗਾਂ ਤੇ ਵੀ ਪੈਂਦਾ ਹੈ। ਨਾਮ ਆਪਣੀ ਸੁਗੰਧੀ, ਤਰਾਵਟ ਤੇ ਸ਼ਕਤੀ ਨੂੰ ਖ਼ੂਨ ਦੁਆਰਾ ਸਰੀਰ ਦੇ ਹੋਰ ਅੰਗਾਂ ਸਮੇਤ ਚਮੜੀ ਤੱਕ ਪਹੁੰਚਾਉਂਦਾ ਹੈ। ਨਾਮ-ਰਸੀਆਂ ਦਾ ਰੋਮ ਰੋਮ ਵਾਹਿਗੁਰੂ ਦੀ ਧੁਨੀ ਉਚਾਰਨ ਕਰਦਾ ਹੈ। ਜਿਨ੍ਹਾਂ ਡਾਕਟਰਾਂ ਨੇ ਐਸੇ ਗੁਰਸਿੱਖਾਂ ਦਾ ਸਰੀਰਕ ਮੁਆਇਨਾ ਕੀਤਾ, ਉਹ ਚਕ੍ਰਿਤ ਰਹਿ ਗਏ ਕਿ ਰੋਮ ਰੋਮ ਨੂੰ ਵਾਹਿਗੁਰੂ ਜਪਣ ਲਈ ਰਸਨਾ ਲੱਗੀ ਹੋਈ ਹੈ।

ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥੨੫॥ [ਵਾਰ ਸਾਰੰਗ-੧੨੪੭

ਮਾਸ ਰਤੁ ਕੇਰੀ ਰਸਨਾ ਤੀਹ ਬੱਤੀ ਦੰਦਾਂ ਦੀ ਕੈਂਚੀ ਵਿਚ ਹੈ। ਜਿੱਥੇ ਮਨਮੁਖ ਦੇ ਦੰਦ ਕੈਂਚੀ ਵਾਂਗਰ ਕੱਟਦੇ-ਵੱਢਦੇ ਹਨ, ਉਥੇ ਉਸ੍ਰ ਦੀ ਰਸਨਾ ਵੀ ਕੈਂਚੀ ਵਾਂਗਰ ਚੱਲਦੀ ਹਿਰਦਿਆਂ ਨੂੰ ਚੀਰਦੀ ਜਾਂਦੀ ਹੈ। ਜੇ ਭਗਤ ਨਾਮਦੇਵ ਜੀ ਵਲ ਤੱਕੀਏ ਤਾਂ ਉਨ੍ਹਾਂ ਦੀ ਨਾਮ-ਜਪਦੀ ਜਿਹਬਾ ਐਸੀ ਉੱਤਮ ਕੈਂਚੀ ਹੈ ਜਿਹੜੀ ਜਮ ਦੀ ਫਾਸੀ ਕੱਟਦੀ ਹੈ। ਫੁਰਮਾਨ ਹੈ :-

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥
ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥੩ਮ (੪੮੫)

ਸੱਜਣ ਸੁਆਮੀ ਅਕਾਲ ਪੁਰਖ ਮਿਠ-ਬੋਲੜਾ ਹੈ ਤੇ ਉਸ ਨੂੰ ਧਿਆਉਣ ਵਾਲੇ ਦੀ ਰਸਨਾ ਵਿਚ ਵੀ ਅੰਮ੍ਰਿਤ ਦੀ ਮਿਠਾਸ ਭਰ ਜਾਂਦੀ ਹੈ। ਇਹ ਕੇਵਲ ਸਿਧਾਂਤਕ ਸੱਚ ਨਹੀਂ,ਸਗੋਂ ਜਿਸ ਤੇ ਕਿਰਪਾ ਹੋਈ,ਉਸ ਨਾਮ-ਰਸ ਗੀਧੀ ਜਿਹਬਾ ਨੂੰ ਅਮਲੀ ਤੌਰ ਤੇ ਵੀ ਮਿਠਾਸ ਦਾ ਅਨੁਭਵ ਹੋਇਆ ਹੈ। ਆਨ ਰਸਾਂ ਦੇ ਤਿਆਗ ਤੇ ਨਿੰਦਾ ਚੁਗਲੀ, ਫਿਕੇ ਬਚਨ ਤੋਂ ਗੁਰੇਜ਼ ਕਰਨ ਤੇ ਹੀ ਰਸਨਾ ਵਿਚ ਆਤਮਕ ਕਲਾ ਪਰਵੇਸ਼ ਕਰਦੀ ਹੈ। ਇਸ ਦੇ ਇਲਾਵਾ ਪ੍ਰਮੁੱਖ ਸਾਧਨ ਹੈ, ਪੰਚ ਸਬਦੁ, ਗੁਰ ਸਬਦ ਦਾ ਰਸਨਾ ਦੁਆਰਾ ਜਾਪ ਤੇ ਕੀਰਤਨ, ਜਿਸ ਦੇ ਤੁਫ਼ੈਲ ਦਸਮ ਦੁਆਰ ਦੀ ਖੇਡ ਵਰਤ ਕੇ ਅੰਮ੍ਰਿਤ ਨਾਮ ਰਸ ਝਰਨਾ ਹਕੀਕਤ ਵਿਚ ਬਦਲਦਾ ਹੈ। ਉਹ ਗੁਰਮੁਖ ਆਪ ਵੀ ਅੰਮ੍ਰਿਤ ਨਾਮ ਚੱਖਦਾ ਹੈ ਤੇ ਦੂਸਰਿਆਂ ਦੀ ਅਵਸਥਾ ਦੀ ਸੋਝੀ ਰੱਖਦਿਆਂ ਯੋਗ ਪ੍ਰੇਰਨਾ ਕਰਦਾ ਹੈ।

ਜਿਹੜੀ ਰਸਨਾ ਨਿੰਦਾ, ਮਿਥਿਆ, ਝੂਠ, ਕਉੜੱਤਣ ਨੂੰ ਛੋਹਦੀ ਨਹੀਂ, ਸਗੋਂ ਸੱਚ ਕਹਿੰਦੀ ਹੈ ਤੇ ਸੱਚ ਧਿਆਉਂਦੀ ਹੈ, ਉਸ ਤੋਂ ਨਿਕਲਿਆ ਬਚਨ 'ਸਾਧ ਬਚਨੁ ਅਟਲਾਧਾ' ਦੀ ਕਸੌਟੀ ਤੇ ਪੂਰਾ ਉੱਤਰਦਾ ਹੈ। ਐਸੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ ਕਿ ਜਿਹੜਾ ਕੋਈ ਕਾਰਜ ਕਿਸੀ ਜੁਗਤੀ ਨਾਲ ਸਿਰੇ ਨਹੀਂ ਚੜ੍ਹਦਾ, ਉਹ ਇਕ ਸੱਤਾਧਾਰੀ ਗੁਰਮੁਖ ਦੀ ਰਸਨਾ ਦੁਆਰਾ ਪੂਰਾ ਹੋ ਜਾਂਦਾ ਹੈ।

ਸੱਚਾ ਸਤਿਗੁਰੂ ਜਦ ਜੀਵ ਤੇ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦ੍ਰਿੜ੍ਹਾਉਂਦਾ ਹੈ ਤਾਂ ਉਸ ਦੇ ਹਿਰਦੇ ਵਿਚ ਮਾਨੋ ਚੰਦਨ ਦਾ ਬੂਟਾ ਉਗਮ ਪੈਂਦਾ ਹੈ, ਜਿਸ ਦੀ ਭਿੰਨੀ ਭਿੰਨੀ ਗੰਧ ਤੋਂ ਸਾਰਾ ਚੋਗਿਰਦਾ ਮਹਿਕ ਉਠਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ-

ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥ ਹਰਿ ਹਰਿ ਬਾਸੁ ਸਗੰਧ ਬਸਾਈ ॥੫॥੧੬॥
[ਗਉੜੀ ਕਬੀਰ ਜੀ-੩੨੬

ਸਤਿਗੁਰੂ ਨਾਨਕ ਦੇਵ ਜੀ ਬਾਰੇ ਆਮ ਚਰਚਾਂ ਸੀ ਕਿ "ਨਾਨਕ ਤਪਾ ਮੁਸਕਿਆ ਹੈ।" ਅਰਥਾਤ, ਸਤਿਗੁਰੂ ਨਾਨਕ ਦੇਵ ਜੀ ਦੀ ਨਾਮ-ਸੁਗੰਧੀ ਸਾਰੇ ਸੰਸਾਰ ਵਿਚ ਫੈਲੀ ਹੈ। ਇਸ ਪਾਵਨ ਗੰਧ ਨੂੰ ਸਾਧਾਰਨ ਜੀਵ ਨੇ ਬੇਸ਼ਕ ਨ ਜਾਣਿਆ ਹੋਵੇ, ਪਰ ਪਵਿੱਤਰ ਨਾਸਿਕਾ ਵਾਲੇ ਹਰਿ ਜਨ ਨੂੰ ਸੋਝੀ ਹੋ ਜਾਂਦੀ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਸਮੇਸ਼ ਪਿਤਾ ਜੀ ਇਕ ਦਿਨ ਨੀਲੇ ਘੋੜੇ ਤੇ ਸਵਾਰ ਹੋ ਕੇ ਜਾ ਰਹੇ ਸਨ ਕਿ ਇਕ ਖੇਤ ਕੋਲ ਨੀਲਾ ਅਚਾਨਕ ਰੁਕ ਗਿਆ ਤੇ ਅੱਗੇ ਬਿਲਕੁਲ ਨ ਵਧੇ। ਕਾਰਨ ਇਹ ਸੀ ਕਿ ਉਸ ਖੇਤ ਵਿਚ ਤਮਾਕੂ ਬੀਜਿਆ ਹੋਇਆ ਸੀ। ਨੀਲੇ ਘੋੜੇ ਦੇ ਗਿਆਨ ਇੰਦਰਿਆਂ ਨੂੰ ਏਨੀ


www.AKJ.Org

ਅਥਾਹ ਸੋਝੀ, ਨਿਰਮਲਤਾ ਤੇ ਸ਼ਕਤੀ ! ਇਹ ਕਰਾਮਾਤ ਹਜ਼ੂਰ ਦੇ ਨਾਮ-ਸੁਗੰਧਤ ਵਾਤਾਵਰਣ ਦੀ ਸੀ, ਜਿਸ ਨੇ ਹੈਵਾਨਾਂ ਨੂੰ ਇਨਸਾਨਾਂ ਤੋਂ ਵੀ ਉਤਮ ਬਣਾਇਆ ਹੋਇਆ ਸੀ ।

ਪਸ਼ੂਆਂ ਤੇ ਮਨੁੱਖਾਂ ਵਿਚ ਵਿਸ਼ੇਸ਼ ਅੰਤਰ ਇਹ ਹੈ ਕਿ ਪਸ਼ੂਆਂ ਨੂੰ ਸ਼ਬਦ ਸੁਰਤਿ ਦੀ ਕੋਈ ਸੋਝੀ ਨਹੀਂ ਹੁੰਦੀ, ਪਰ ਜੇ ਇਨਸਾਨ ਭੀ ਸ਼ਬਦ ਸੁਣ ਕੇ ਅਵੇਸਲਾ ਰਹੇ ਤਾਂ ਉਸ ਦੇ ਮਨੁਖਾ ਜਾਮੇ ਨੂੰ ਧਿਰਕਾਰ ਹੈ—

ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥
ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥ [ਸਲੋਕ ਮ: ੩—ਪੰਨਾ ੬੫੧

ਸੁਣਨ ਦਾ ਫਲ ਅਧੂਰਾ ਨਾ ਰਹੇ, ਸਤਿਗੁਰੂ ਨੇ ਸੁਣ ਕੇ ਮੰਨਣ ਦਾ ਉਪਦੇਸ਼ ਦਿੱਤਾ ਹੈ—

ਹਰਿ ਕੀਰਤਿ ਕਲਜੁਗ ਵਿਚ ਊਤਮੁ ਮਤਿ ਗੁਰਮਤਿ ਕਥਾ ਭਜੰਤੀ ॥
ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥੮॥
[ਨਟ ਮ: ੪—੯੭੭

ਸਤਿਗੁਰ ਦਾ ਉਪਦੇਸ਼ ਸੁਣਨਾ, ਗੁਰਬਾਣੀ ਤੇ ਨਾਮ ਦਾ ਸੁਣਨਾ, ਆਪਣੀ ਰਸਨਾ ਦੁਆਰਾ ਉਚਾਰਿਆ ਗੁਰ-ਮੰਤਰ ਸੁਣਨਾ ਆਦਿ ਮਹੱਤਵ-ਪੂਰਨ ਅੰਗ ਹਨ, ਜਿਨ੍ਹਾਂ ਦੀ ਕਮਾਈ ਬਿਨਾਂ, ਉੱਚ ਮੰਡਲ ਦੀ ਖੇਡ—ਪੰਚ ਸ਼ਬਦ ਦੀ ਕਲਾ ਵਰਤਣੀ ਔਖੀ ਹੈ । ਜਿਸ ਜਨ ਤੇ ਅਗੰਮੀ ਕਲਾ ਵਰਤੀ, ਉਸ ਦੇ ਕਰਨ (ਕੰਨ) ਪਰਵਾਨ ਹੋ ਗਏ, ਆਗਿਆਕਾਰੀ ਬਣ ਗਏ । ਸੰਸਾਰ ਦੇ ਸ਼ੋਰ ਸ਼ਰਾਬੇ ਵਿਚੋਂ ਕੋਈ ਆਵਾਜ਼ ਸੁਣਨਾ ਜਾਂ ਨਾ ਸੁਣਨਾ ਉਸ ਦੀ ਇੱਛਿਆ ਤੇ ਨਿਰਭਰ ਹੈ । "ਵਿਣੁ ਗੁਰ ਸਬਦ ਨ ਸੁਣਈ ਬੋਲਾ ॥"* ਦੀ ਕਰਣੀ ਉਸ ਦੇ ਗਿਆਨ, ਨਿਰਣੇ ਤੇ ਚੋਣ ਦਾ ਪਰਤੱਖ ਪਰਮਾਣ ਹੈ ।

ਐਸੇ ਜੀਵ ਦੇ ਕਰਨ, ਸੁਣ ਕੇ ਤੇ ਗ੍ਰਹਿਣ ਕਰ ਕੇ ਕਿੰਨੀ ਇਨਕਲਾਬੀ ਦਸ਼ਾ ਵਰਤਾਉਂਦੇ ਹਨ—

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥੨॥੬॥ [ਸਵਈਏ—੧੩੯੯
ਗੁਰੂ ਗੁਰੁ ਗੁਰੁ ਕਰੁ ਮਨ ਮੇਰੇ ॥
ਤਾਰਣ ਤਰਣ ਸਮ੍ਰਥੁ ਕਲਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥੫॥੯॥ (੧੩੯੯—੧੪੦੦)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਹੀ ਪ੍ਰਸ਼ਨ ਦਾ ਉੱਤਰ ਦਿੰਦਿਆਂ ਫ਼ੁਰਮਾਉਂਦੇ ਹਨ ਕਿ ਮਨ ਨੂੰ ਹਰਿ ਨਾਮ ਦੇ ਰੰਗ ਨਾਲ ਰੰਗਣ ਨਾਲ, ਹੰਕਾਰ ਤੇ ਮਮਤਾ ਮਾਰਨ ਨਾਲ, ਸ਼ੁਭ ਦੈਵੀ ਗੁਣ ਗਿਆਨ ਇੰਦਰਿਆਂ ਵਿਚ ਸਮਾ ਕੇ ਇਕ-ਮਿੱਕ ਹੋ ਜਾਂਦੇ ਹਨ ।

ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥
ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨॥੧੫॥ [ਮ: ੧—੧੦੯੧

ਭਾਵਾਰਥ—ਨੇਤਰ ਦਰਸ ਵਿਚ ਤੇ ਕੰਨ ਸ਼ਬਦ-ਧੁਨੀ ਵਿਚ ਲੀਨ ਹੋ ਗਏ, ਜਿਹਬਾ ਨਾਮ ਉੱਚਾਰਨ ਤੇ ਨਾਮ-ਰਸ ਵਿਚ ਰੱਤੀ ਗਈ, ਅਤੇ ਹਿਰਦਾ ਨਾਮ ਖ਼ੁਸ਼ਬੂ ਨਾਲ ਸੁਗੰਧਤ ਹੋ ਗਿਆ, ਜਿਸ ਦੀ ਅਪਾਰ ਮਹਿਮਾ ਕਥਨ ਤੋਂ ਪਰੇ ਹੈ ।

*ਭਾਈ ਗੁਰਦਾਸ ਜੀ, ਵਾਰ ੪, ਪਉੜੀ ੧੭

---

## ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ ।

੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ । ਚਿੱਟ ਨੰਬਰ ਨੋਟ ਕਰੋ । ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ ।

੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ ।

੪. ਪਰਦੇਸੀ ਵੀਰ ਆਪਣੇ ਡਰਾਫ਼ਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ ਭੇਜਣ, ਕਿਉਂਕਿ ਪਰਦੇਸੀ ਕਰੰਸੀ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ ਕਰਦੇ ਹਨ ।


www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੇ ਤੱਥਾਂ ਤੇ ਇਕ ਨਜ਼ਰ (੫)

[ਕੈਪਟਨ ਸਵਰਨ ਸਿੰਘ ਜੀ]

**(ਲੜੀ ਜੋੜਨ ਲਈ ਵੇਖੋ 'ਸੂਰਾ' ਅਗਸਤ ੧੯੯੩)**

ਖ਼ਵਾਜਾ ਬਾਕੀ ਬਿੱਲਾ ਦੀ ਪਾਰਖੂ ਅੱਖ ਨੇ ਜਾਂਚ ਲਿਆ ਕਿ ਸ਼ੈਖ ਅਹਿਮਦ ਵਿਚ ਉਹ ਸਾਰੇ ਗੁਣ ਵਿਆਪਕ ਤੌਰ ਤੇ ਮੌਜੂਦ ਹਨ ਜੋ ਇਸਲਾਮ ਦੇ ਵਾਧੇ ਵਾਸਤੇ ਇਕ ਉੱਚ ਕੋਟੀ ਦੇ ਪ੍ਰਚਾਰਕ ਲਈ ਜ਼ਰੂਰੀ ਹਨ। ਸੋ ਖ਼ਵਾਜਾ ਨੇ ਸ਼ੈਖ ਅਹਿਮਦ ਨੂੰ ਸਰਹਿੰਦ ਵਿਚ ਰਹਿ ਕੇ ਹੀ ਇਸਲਾਮ ਧਰਮ ਦੇ ਪ੍ਰਚਾਰ ਦੀ ਆਗਿਆ ਕੀਤੀ। ਇਸ ਤੋਂ ਪਿਛੋਂ ਸ਼ੈਖ ਲਾਹੌਰ ਦਿੱਲੀ ਆਗਰੇ ਧਰਮ ਪ੍ਰਚਾਰ ਲਈ ਆਉਂਦਾ ਜਾਂਦਾ ਰਿਹਾ, ਪਰ ਉਸ ਦੀਆਂ ਧਾਰਮਕ ਸਰਗਰਮੀਆਂ ਦਾ ਪੱਕਾ ਕੇਂਦਰ ਸਰਹਿੰਦ ਹੀ ਰਿਹਾ। ਇਸ ਨੇ ਹੀ ਉਸ ਨੂੰ ਸ਼ੈਖ ਅਹਿਮਦ ਸਰਹਿੰਦੀ ਕਰਕੇ ਪ੍ਰਸਿਧ ਕੀਤਾ।

ਇਸ ਦਾ ਪਹਿਲਾਂ ਵੀ ਜ਼ਿਕਰ ਆ ਚੁਕਾ ਹੈ ਕਿ ਹਿੰਦੁਸਤਾਨ ਵਿਚ ਸਿਖ ਧਰਮ ਤੇ ਮੁਗਲ ਸਾਮਰਾਜ ਦਾ ਆਰੰਭ ਇਕੋ ਸਮੇਂ ਹੋਇਆ। ਮੁਗ਼ਲਾਂ ਦਾ ਨਿਸ਼ਾਨਾ ਹਿੰਦੁਸਤਾਨ ਵਿਚ ਆਪਣੀਆਂ ਤੇ ਇਸਲਾਮ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨਾ ਸੀ, "ਸਿਖ ਮੱਤ ਦੀ ਬੁਨਿਆਦੀ ਸਮੱਸਿਆ ਸੀ ਸਾਮੀ ਸੰਸਕ੍ਰਿਤੀ* ਤੇ ਵਿਚਾਰਧਾਰਾ ਦੇ ਆਰਯ ਆਤਮਾ ਤੇ ਸੰਸਕ੍ਰਿਤੀ ਨਾਲ ਸਦੀਵ ਤੇ ਅਚੱਲ ਤਾਲਮੇਲ ਲਈ ਭੂਮੀ ਨਿਰਣਯ।"੧ ਸਿਖ ਧਰਮ ਕੁਦਰਤੀ ਨਿਯਮਾਂ ਤੇ ਆਧਾਰਤ ਜੀਵਨ-ਜਾਚ ਹੈ। ਸੁਲ੍ਹਾਕੁਲ ਤੇ ਸਰਬੱਤ ਦਾ ਭਲਾ ਇਸ ਦੇ ਬੁਨਿਆਦੀ ਅਸੂਲ ਹਨ। ਇਹ ਕਿਸੇ ਦਾ ਜੀਵਨ-ਹੱਕ ਨਹੀਂ ਖੋਂਹਦਾ। ਇਕ ਅਕਾਲ ਪੁਰਖ ਤੇ ਸਾਰੀ ਖ਼ਲਕਤ ਓਸੇ ਦੀ ਕਿਰਤ ਹੈ। ਇਸ ਵਿਚ ਕੋਈ ਛੋਟਾ ਵੱਡਾ ਨਹੀਂ, ਕੋਈ ਮੋਮਨ ਕਾਫ਼ਰ ਜਾਂ ਸਵਰਨ ਸ਼ੂਦਰ ਨਹੀਂ, ਸਭੇ ਈਸ਼ਵਰ ਦੀ ਨਿਗਾਹ ਵਿਚ ਬਰਾਬਰ ਹਨ। ਇਸ ਵਿਚ ਹਰ ਪ੍ਰਕਾਰ ਦੀ ਊਚ ਨੀਚ ਵਿਵਰਜਤ ਹੈ। ਸਿਖ ਧਰਮ ਇਸਲਾਮੀ ਤੇ ਆਰਯ ਆਤਮਾ ਵਿਚ ਇਕ-ਸਾਰਤਾ ਮੰਨਦਾ ਹੈ। ਦੁਨੀਆ ਦੇ ਸਾਰੇ ਧਰਮਾਂ ਨੂੰ ਹੀ ਈਸ਼ਵਰੀ-ਪ੍ਰਾਪਤੀ ਦੇ ਪਰਵਾਨਤ ਸਾਧਨ ਮੰਨਦਾ ਹੈ। ਜਿਥੇ ਇਸਲਾਮੀ ਤੇ ਆਰਯ ਆਤਮਾ ਇਕ-ਸਾਰ ਸਮਝਦਾ ਹੈ ਉਥੇ ਇਸਲਾਮੀ ਸ਼ਰਅ ਤੇ ਹਿੰਦੂ ਵਰਣ-ਵੰਡ ਦੀ ਵਿਵਸਥਾ ਨੂੰ ਸਾਂਝੀ ਆਤਮਾ ਦਾ ਅੰਗ ਨਹੀਂ ਮੰਨਦਾ, ਸਗੋਂ ਇਸ ਆਤਮਾ, ਜਿਸਨੇ ਮਾਨਵਤਾ ਨੂੰ ਸੁਖ ਸ਼ਾਂਤੀ ਬਖਸ਼ਣੀ ਹੈ, ਲਈ ਬੜਾ ਮਾਰੂ ਜ਼ਹਿਰ ਤੇ ਸਦੀਵੀ ਅਸ਼ਾਂਤੀ ਦੀ ਜੜ੍ਹ ਸਮਝਦਾ ਹੈ, ਜਿਵੇਂ ਹਿੰਦੂ ਮੁਸਲਮਾਨ ਦੋਵੇਂ ਧਰਮ, ਏਕਾ-ਕੇਂਦ੍ਰਿਤ ਸਮਾਜ ਨੂੰ ਪਹਿਲ ਦੇ ਕੇ ਇਸ ਨੂੰ ਆਪਣੇ ਧਾਰਮਿਕ ਜੀਵਨ ਦਾ ਧੁਰਾ ਬਣਾਉਂਦੇ ਹਨ, ਸਿੱਖੀ ਵਿਚ ਇਸਨੂੰ ਕੋਈ ਥਾਂ ਨਹੀਂ। ਸਿਖ ਧਰਮ ਬਹੁ-ਕੇਂਦ੍ਰਿਤ ਸਮਾਜ ਨੂੰ ਮਾਨਵਤਾ ਲਈ ਕਲਿਆਣਕਾਰੀ ਸਮਝਦਾ ਹੈ। ਰਾਜ ਦੀ ਮਜ਼ਬੂਤੀ ਲਈ ਏਕਾ-ਕੇਂਦ੍ਰਿਤ ਸਮਾਜ਼ ਨਹੀਂ, ਸਗੋਂ ਖੁਲ੍ਹ ਦੇਂਦਾ ਹੈ ਕਿ ਸਭ ਸ਼ਹਿਰੀ ਤੇ ਹੋਰ ਸਾਰੇ ਸਮਾਜਕ ਅੰਗ ਭਰਪੂਰ ਆਜ਼ਾਦੀ ਨਾਲ, ਬਰਾਬਰ ਦੇ ਹੱਕ ਹਕੂਕ ਰਖਦੇ ਹੋਏ ਸਾਂਝੀਵਾਲਤਾ ਵਾਲੇ ਹਲੇਮੀ ਰਾਜ ਦਾ ਰੂਪ ਹੋਣ, ਅੰਗ ਹੋਣ।

ਆਦਿ ਤੋਂ ਲੈ ਕੇ ਅੱਜ ਤਕ ਜੋ ਰਾਜਸੀ ਸੰਘਰਸ਼ ਦੁਨੀਆ ਵਿਚ ਹੋਏ, ਉਹ ਏਨ੍ਹਾਂ ਦੋ ਸਿਧਾਂਤਾਂ, ਬਹੁ-ਕੇਂਦ੍ਰਿਤ ਸਮਾਜ ਤੇ ਏਕਾ-ਕੇਂਦ੍ਰਿਤ ਸਮਾਜ ਦੇ ਆਪਸੀ ਅੰਤਰ ਦੇ ਆਧਾਰ ਤੇ ਹੋਏ ਹਨ। ਮਨੁਖੀ ਜ਼ਿੰਦਗੀ ਦੇ ਘਾਣ ਲਥਦੇ ਰਹੇ ਇਸ ਤਲਵਾਰ ਤੇ ਅੱਗ ਦੀ ਖੇਡ ਕਾਰਨ ਜੋ ਤਬਾਹੀ ਹੁੰਦੀ, ਉਸਦਾ ਅਗਲਾ ਰੂਪ ਮਹਾਨ ਕਾਲ, ਭੁਖ-ਮਰੀ ਤੇ ਬੀਮਾਰੀ ਹੁੰਦਾ ਤੇ ਇਨਸਾਨ ਕੀੜਿਆਂ ਮਕੌੜਿਆਂ ਵਾਂਗ ਮਰਦੇ। ਇਹ ਵਹਿੰਦੀਆਂ ਖ਼ੂਨ ਦੀਆਂ ਨਦੀਆਂ, ਵੱਡੀ ਪਧਰ ਤੇ ਤੀਵੀਆਂ ਦੀ ਬੇਪਤੀ, ਵਿਲਕਦੇ ਬੱਚੇ ਤੇ ਰੁਲਦੇ ਵਡੇਰੀਆਂ ਉਮਰਾਂ ਵਾਲੇ, ਬੇ-ਅਮਨੀ ਤੇ

*ਯਹੂਦੀ, ਈਸਾਈ ਤੇ ਮੁਸਲਮਾਨ ਮੱਤ ਸਾਮੀ ਮੱਤ ਅਖਵਾਉਂਦੇ ਹਨ।



www.AKJ.Org

ਹਾਹਾਕਾਰ ਆਦਿ ਹੀ ਸੰਸਾਰ ਦੇ ਇਤਿਹਾਸ ਦਾ "ਸ਼ਿੰਗਾਰ" ਰਹੇ ਹਨ ।

ਏਕਾ-ਕੇਂਦ੍ਰਿਤ ਸਮਾਜ ਰਾਜਸੀ ਸ਼ਕਤੀ ਤੇ ਘੋਰ ਭੈ ਰਾਹੀਂ ਮਨੁਖ ਦੀ ਆਤਮਾ ਨੂੰ ਏਨਾ ਜਤਜਰਾ ਤੇ ਸਦੀਵੀ ਤੌਰ ਤੇ ਬੇਹਿਸ ਕਰ ਦੇਂਦਾ ਹੈ ਕਿ ਉਸ ਦੀ ਆਤਮਾ ਵਿਚ ਸੁਤੰਤਰਤਾ ਦਾ ਅੰਕੁਰ ਪੁੰਗਰ ਹੀ ਨਹੀਂ ਸਕਦਾ । ਇਥੇ ਬੱਸ ਨਹੀਂ, ਸਗੋਂ ਇਹ ਸਿਧਾਂਤ ਹਰ ਜ਼ਾਤੀ ਦੇ ਹਰ ਗਰੋਹ, ਹਰ ਉੱਜਲ ਵਿਚਾਰ, ਹਰ ਆਲ੍ਹਾ ਸੁਪਨੇ, ਉੱਚੇ ਆਦਰਸ਼, ਹਰ ਅਨਮੋਲ ਕਰਤਵ, ਹਰ ਸਤਿਆਰਥੀ ਚਲਣ ਤੇ ਪ੍ਰਤਿਭਾ ਦਾ ਵਿਨਾਸ਼ ਕਰਨ ਦਾ ਉਦੇਸ਼ ਰਖਦਾ ਹੈ । ਇਹ ਇਨਸਾਨ ਦੀ ਖ਼ੁਦ-ਦਾਰੀ, ਗੈਰਤ, ਅਨਾਅ, ਤੇ ਆਜ਼ਾਦ-ਖਿਆਲੀ ਨੂੰ ਚਕਨਾਚੂਰ ਕਰ ਕੇ, ਇਨਸਾਨ ਨੂੰ ਅਸਲੋਂ ਸਾਹਿਸ ਹੀਣ ਤੇ ਬਲਹੀਣ ਬਣਾ ਕੇ ਕੇਂਦਰੀ ਸ਼ਕਤੀਸ਼ਾਲੀ ਜਰਵਾਣਾ-ਜੁੰਡਲੀ ਦਾ ਗ਼ੁਲਾਮ ਬਣੇ ਰਹਿਣ ਵਾਲੇ ਰਾਹੇ ਤੋਰਦਾ ਹੈ ਤੇ ਉਸ ਦੇ ਗਲ ਗੁਲਾਮੀ ਦਾ ਐਸਾ ਮਜ਼ਬੂਤ ਤੌਕ ਪਾਉਂਦਾ ਹੈ ਕਿ ਗੋਲਿਆਂ ਗੁਲਾਮਾਂ ਦੀ ਜ਼ਿੰਦਗੀ ਦੇ ਰਾਹ ਮਸਤ ਚਾਲ ਸਦਾ ਲਈ ਤੁਰਿਆ ਰਹਵੇ ਤੇ ਇਸ ਨਰਕੀ ਜੀਵਨ ਤੋਂ ਛੁਟਕਾਰਾ ਪਾਉਣ ਦੇ ਵਿਚਾਰਾਂ ਨੂੰ ਸੋਚਣ ਤੇ ਗ੍ਰਹਿਣ ਕਰਨ ਦੇ ਕਾਬਲ ਹੀ ਨਾ ਰਹਿ ਜਾਵੇ । ਉਹ ਇਸ ਨਰਕ ਭੋਗਣ ਵਿਚ ਲੀਨ ਰਹੇ ਤੇ ਆਪਣੇ ਅਕਾਵਾਂ (ਮਾਲਕਾਂ) ਦੀ ਗੁਲਾਮੀ ਕਰਦੇ ਕਰਦੇ ਮਰ ਜਾਣ ਵਿਚ ਹੀ ਆਪਣੀ ਮੁਕਤੀ ਸਮਝੇ ।

ਦੂਜੇ ਪਾਸੇ ਬਹੁ-ਕੇਂਦ੍ਰਿਤ ਸਮਾਜ ਦਾ ਸਿਧਾਂਤ ਮਨੁਖ ਨੂੰ ਉਪਰ ਵਰਣਨ ਕੀਤੇ ਕੋੜ੍ਹ ਤੋਂ ਮੁਕਤ ਰਖਦਾ ਹੈ । ਹਰ ਤਰ੍ਹਾਂ ਪਰਫੁਲਤ ਹੋਣ ਦੀ ਪੂਰਨ ਖੁਲ੍ਹ ਦੇਂਦਾ ਹੈ । ਇਸ ਵਿਚ ਕੋਈ ਕਿਸੇ ਦਾ ਹੱਕ ਦਬਾ ਨਹੀਂ ਸਕਦਾ । ਸਵਾਮੀ ਤੇ ਦਾਸ ਦੀ ਸੰਸਥਾ ਤੇ ਰੀਤੀ ਨੂੰ ਪੈਦਾ ਹੀ ਨਹੀਂ ਹੋਣ ਦੇਂਦਾ । ਮਨੁਖੀ ਆਤਮਾ ਨੂੰ ਪੂਰਨ ਸੁਤੰਤਰਤਾ ਦਾ ਅਧਿਕਾਰ ਦੇਂਦਾ ਹੈ । ਅਣਖ ਤੇ ਸਵੈਮਾਣ ਦਾ ਰਾਖਾ ਹੈ । ਹਰ ਇਕ ਨੂੰ ਬਰਾਬਰ ਦੀ ਮਾਣ-ਪ੍ਰਤਿਸ਼ਠਤਾ ਬਖਸ਼ਦਾ ਹੈ । ਇਹ ਸਿਧਾਂਤ ਰਾਜ-ਸੱਤਾ ਤੇ ਰਾਜਯ ਨੂੰ ਇਕ ਮਨੁਖੀ ਸੰਘ, ਬਿਲਕੁਲ ਇਕ ਟੱਬਰ (ਕੁੰਬੇ) ਵਰਗਾ ਸੰਘ ਪਰਵਾਨਦਾ ਹੈ ਅਤੇ ਇਹ ਸੰਘ ਮਨੁਖ ਦੀ ਖ਼ੁਦਦਾਰੀ, ਇਜ਼ਤ ਆਬਰੂ ਤੇ ਇਨਸਾਫ਼ ਅਤੇ ਧਾਰਮਕ ਆਜ਼ਾਦੀ ਦਾ ਜ਼ਾਮਨ ਹੈ । ਇਸ ਵਿਚ ਮਨੁਖੀ ਸੁਤੰਤਰਤਾ ਨੂੰ ਧਕੇ, ਭੈ, ਜ਼ੁਲਮ ਜਬਰ ਤੇ ਹੋਰ ਕਿਸੇ ਵੀ ਕਿਸਮ ਦੀ ਵਧੀਕੀ ਰਾਹੀਂ ਹਾਨੀ ਪਹੁੰਚਾਏ ਜਾਣ ਦੀ ਗੁੰਜਾਇਸ਼ ਨਹੀਂ । ਇਹੋ ਸਿਧਾਂਤ ਸੰਸਾਰ ਨੂੰ ਅਮਨ ਸ਼ਾਂਤੀ ਦੀ ਗੁੜ੍ਹਤੀ ਦੇਂਦਾ ਹੈ । ਇਨਸਾਨੀ ਸੋਚ ਨੂੰ ਕਤਈ ਕਿਸੇ ਕਿਸਮ ਦਾ ਜੰਦਰਾ ਨਹੀਂ ਮਾਰਦਾ ।

ਮੁਜੱਦਦ ਅਲਫ਼ ਸਾਨੀ ਜਹਾਂਗੀਰ ਬਾਦਸ਼ਾਹ ਦੀ ਤਲਵਾਰ ਦੇ ਜ਼ੋਰ ਨਾਲ ਜੋ ਸਮਾਜ ਹਿੰਦੁਸਤਾਨ ਵਿਚ ਮਜ਼ਬੂਤ ਬੁਨਿਆਦ ਉਤੇ ਸਥਾਪਤ ਕਰਨਾ ਚਾਹੁੰਦਾ ਸੀ, ਉਹ ਇਸਲਾਮੀ ਏਕਾ-ਕੇਂਦ੍ਰਿਤ ਸਮਾਜ ਸੀ ਤੇ ਪਹਿਲੇ ਦੋ ਸਾਮੀ ਧਰਮਾਂ ਦੀ ਹੀ ਨਕਲ । ਸਾਮੀ ਧਰਮਾਂ ਚੋਂ ਯਹੂਦੀ ਧਰਮ ਸਭ ਤੋਂ ਪੁਰਾਣਾ ਹੈ । ਇਨ੍ਹਾਂ ਦਾ ਪੱਕਾ ਅਕੀਦਾ ਹੈ ਕਿ ਦੁਨੀਆ ਵਿਚ ਯਹੂਦੀ ਸਭ ਤੋਂ ਜ਼ਿਆਦਾ ਸਿਆਣੇ, ਖ਼ੂਬਸੂਰਤ ਤੇ ਵਧੀਆ ਸਰੀਰਾਂ ਵਾਲੇ ਹਨ ਤੇ ਰੱਬ ਨੇ ਇਨ੍ਹਾਂ ਨੂੰ ਬਾਕੀ ਲੋਕਾਂ, ਜੋ ਸਿਰਿਓਂ ਹੀ ਨਖਿਧ ਹਨ, ਉਤੇ ਰਾਜ ਕਰਨ ਲਈ ਪੈਦਾ ਕੀਤਾ ਹੈ । ਇਨ੍ਹਾਂ ਜ਼ਿੰਮੇ ਲੱਗੀ ਇਸ ਰੱਬੀ ਡਿਊਟੀ ਨੂੰ ਕੋਈ ਚਨੌਤੀ ਨਹੀਂ ਦੇ ਸਕਦਾ । ਇਨ੍ਹਾਂ ਤੋਂ ਪਿਛੋਂ ਮਸੀਹੀ ਧਰਮ ਆਇਆ । ਉਹ ਵੀ ਏਕਾ-ਕੇਂਦ੍ਰਿਤ ਸਮਾਜ ਦੇ ਸਿਧਾਂਤ ਤੇ ਚਲਣ ਵਾਲਾ । ਇਸਲਾਮ ਤੋਂ ਕਈ ਸੌ ਵਰ੍ਹੇ ਪਹਿਲਾਂ ਇਹ ਈਸਾਈ ਸਮਾਜ ਸਥਾਪਤ ਹੋ ਚੁਕਾ ਸੀ । ਉਨ੍ਹਾ ਦਾ ਇਹ ਦਾਅਵਾ ਸੀ ਕਿ ਮਸੀਹੀ ਸਮਾਜ ਹੀ ਸ਼ੁਧ ਤੇ ਸਭਨਾਂ ਨਾਲੋਂ ਉੱਤਮ ਹੈ । ਯੋਰਪ ਵਿਚ ਇਹ ਬੜੇ ਪੱਕੇ ਪੈਰਾਂ ਤੇ ਖੜਾ ਸੀ ਤੇ ਹੈ । ਇਸ ਵਿਚ ਕੋਈ ਗ਼ੈਰ ਮਸੀਹੀ ਬਰਾਬਰ ਦੇ ਹੱਕਾਂ ਦੀ ਮੰਗ ਨਹੀਂ ਕਰ ਸਕਦੈ, ਨਾ ਪ੍ਰਾਪਤ ਹੀ ਕਰ ਸਕਦੈ । ਪਰ ਜੇ ਕੋਈ ਇਸ ਵਿਚ ਪਰਵੇਸ਼ ਕਰ ਜਾਵੇ ਤਾਂ ਉਹ ਆਪਣਾ ਧਰਮ, ਰਹਿਣ ਸਹਿਣ ਤੇ ਵਿਵਹਾਰ ਇਹੋ ਜਿਹਾ ਬਣਾ ਲਵੇ ਕਿ ਈਸਾਈਆਂ ਨੂੰ ਉਸ ਵਿਰੁਧ ਕੋਈ ਸ਼ਿਕਵਾ ਸ਼ਿਕਾਇਤ ਨਾ ਹੋਵੇ । ਉਹ ਈਸਾਈਆਂ ਨਾਲ ਬਰਾਬਰੀ ਦਾ ਸੁਪਨੇ ਵਿਚ ਵੀ ਖ਼ਿਆਲ ਨਾ ਕਰੇ । ਆਪਣੇ ਆਪ ਨੂੰ ਈਸਾਈਆਂ ਨਾਲੋਂ ਹੀਣਾ ਤੇ ਘਟੀਆ ਮਨੁਖ ਸਮਝੇ । ਬਿਲਕੁਲ ਹਿੰਦੂ ਧਰਮ ਦੇ ਸ਼ੂਦਰ ਵਾਂਗ ਮਸੀਹੀ ਸਮਾਜ ਦਾ ਦਲਿਤ ਅੰਗ ਮੰਨੇ । ਉਹ ਕਬੂਲ ਕਰੇ ਕਿ ਮਸੀਹੀ


www.AKJ.Org

ਸਮਾਜ ਸੰਰਬ-ਸ੍ਰੇਸ਼ਟ ਹੈ, ਸਰਬ-ਵਿਆਪੀ ਹੋਣ ਦਾ ਇਸ ਨੂੰ ਹੀ ਅਧਿਕਾਰ ਹੈ। ਇਸ ਨੂੰ ਕੋਈ ਚਨੌਤੀ ਨਹੀਂ ਦੇ ਸਕਦੈ। ਉਹ ਆਪਣੇ ਗੁਜ਼ਾਰੇ ਲਈ ਉਹੋ ਹੀ ਕੰਮ ਕਰੇਗਾ ਜਿਸ ਦੀ ਉਸ ਨੂੰ ਆਗਿਆ ਮਿਲੇਗੀ। ਉਹ ਕਿਸੇ ਸਰਕਾਰੀ ਆਲ੍ਹਾ ਅਹੁਦੇ ਤੇ ਨਹੀਂ ਲੱਗ ਸਕਦੈ। ਉਹ ਫੌਜ ਵਿਚ ਭਰਤੀ ਨਹੀਂ ਹੋ ਸਕਦੈ। ਉਹ ਈਸਾਈਆਂ ਦੇ ਅਧੀਨ ਜੀਵੇ ਤੇ ਮਰੇ, ਕੋਈ ਈਸਾਈ ਉਸਦੇ ਅਧੀਨ ਨਹੀਂ ਹੋ ਸਕਦੈ। ਉਹ ਸਾਰਾ ਜੀਵਨ ਈਸਾਈਆਂ ਦੇ ਮੁਕਾਬਲੇ ਤੇ ਅਤੀ ਨਿਗੂਣਾ ਤੇ ਨਿਮਾਣਾ ਬਣ ਕੇ ਰਹੇ। ਈਸਾਈ ਸਮਾਜ ਦਾ ਜਿਸਮਾਨੀ ਤੇ ਮਾਨਸਕ ਗ਼ੁਲਾਮ, ਇਹੋ ਹੀ ਉਸਦਾ ਆਦਿ ਤੇ ਅੰਤ।

ਤੀਜੇ ਸਾਮੀ ਧਰਮ ਯਾਅਨੀ ਇਸਲਾਮ ਨੇ ਈਸਾਈਆਂ ਵਾਲੇ ਏਕਾ-ਕੇਂਦ੍ਰਿਤ ਸਮਾਜ ਦੇ ਸਿਧਾਂਤ ਨੂੰ ਇੰਨ-ਬਿੰਨ ਅਪਣਾ ਕੇ ਇਸਲਾਮੀ ਸਮਾਜ ਸਥਾਪਤ ਕਰਨ ਦੀ ਚੇਸ਼ਟਾ ਕੀਤੀ। ਸ਼ੇਖ਼ ਅਹਿਮਦ ਜਹਾਂਗੀਰ ਬਾਦਸ਼ਾਹ ਦੀ ਤਾਕਤ ਰਾਹੀਂ ਈਸਾਈਆਂ ਵਾਲਾ ਹੀ ਏਕਾ-ਕੇਂਦ੍ਰਿਤ ਸਮਾਜ ਹਿੰਦੁਸਤਾਨ ਵਿਚ ਸਥਾਪਤ ਕਰਨਾ ਚਾਹੁੰਦਾ ਸੀ। ਬਿਲਕੁਲ ਤਲਵਾਰ ਦੇ ਜ਼ੋਰ ਨਾਲ। ਤਲਵਾਰ ਨਾਲ ਸਥਾਪਤ ਕੀਤੇ ਏਕਾ-ਕੇਂਦ੍ਰਿਤ ਸਮਾਜ ਨੂੰ ਮੁਕੰਮਲ ਕਰ ਦੇਣ ਲਈ "ਫ਼ਤਾਵਾ-ਇ-ਆਲਮਗੀਰੀ" ਨਾਮੀ ਵਿਧਾਨ ਦੀ ਸਿਰਜਣਾ ਕੀਤੀ। ਮੁਜੱਦਦ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਔਰੰਗਜ਼ੇਬ ਨੇ ਹਿੰਦੁਸਤਾਨ, ਜਿਸ ਨੂੰ ਉਹ ਦਾਰੁਲ ਹਰਬ (ਅਸ਼ਾਂਤੀ ਤੇ ਫ਼ਸਾਦ ਦਾ ਘਰ) ਕਹਿੰਦਾ ਹੈ, ਨੂੰ ਦਾਰੁ-ਸੱਲਾਮ (ਸ਼ਾਂਤੀ ਤੇ ਅਮਨ ਦਾ ਘਰ) ਬਣਾ ਦੇਣ ਦਾ ਸੰਕਲਪ ਲਿਆ ਤੇ ਬੇਗੁਨਾਹ ਹਿੰਦੂਆਂ ਦੇ ਖ਼ੂਨ ਨਾਲ ਹਿੰਦੁਸਤਾਨ ਦੀ ਧਰਤੀ ਨੂੰ ਇਸ਼ਨਾਨ ਕਰਾਉਂਦਾ ਰਿਹਾ।

ਜਿਸ ਦੀ ਬੁਨਿਆਦ ਵਿਚ ਬੇਇਨਸਾਫ਼ੀ, ਅਥਾਹ ਧੱਕੇ-ਸ਼ਾਹੀ, ਨਾ-ਬਰਾਬਰੀ, ਗ਼ੁਲਾਮੀ ਤੇ ਰੱਬ ਦੇ ਨਾਂ ਤੇ ਅੰਨ੍ਹਾ ਜਬਰ ਤੇ ਜ਼ੁਲਮ ਇਸਲਾਮਿ-ਪਾਕ ਦੀ ਸਥਾਪਤੀ ਦੇ ਯਤਨ ਅਰੰਭੇ ਗਏ ਸਨ, ਉਸ ਦੇ ਵਿਰੁਧ ਸਿਖ ਗੁਰੂ ਸਾਹਿਬਾਨ ਨੇ ਸਤਾਰ੍ਹਵੀਂ ਸਦੀ ਦੇ ਅਰੰਭ ਤੋਂ ਦੋ ਦਹਾਕੇ ਪਹਿਲਾਂ ਸਘਰਸ਼ ਆਰੰਭ ਦਿਤਾ। ਸਿੰਘ ਗਰਜਣਾ ਨਾਲ ਐਲਾਨ ਕੀਤਾ ਕਿ ਅਜਿਹੀ ਧੱਕੇ-ਸ਼ਾਹੀ ਉਤੇ ਆਧਾਰਤ ਨਾ-ਬਰਾਬਰੀ ਵਾਲਾ ਸਮਾਜ ਸੰਸਾਰ ਵਿਚ ਚਲਣ ਨਹੀਂ ਦਿਤਾ ਜਾਵੇਗਾ। ਇਹ ਅਕਾਲ ਪੁਰਖ ਨੂੰ ਮਨਜ਼ੂਰ ਹੀ ਨਹੀਂ ਹੈ। ਕੋਈ ਕਿਸੇ ਨਾਲੋਂ ਵੱਡਾ ਨਹੀਂ। ਵਡਿਆਈ ਕੇਵਲ ਵਾਹਿਗੁਰੂ ਨੂੰ ਹੀ ਜਾਂਦੀ ਹੈ। ਆਕਾ (ਸੁਆਮੀ) ਤੇ ਗੁਲਾਮ ਵਾਲਾ ਸਿਧਾਂਤ, ਵਰਣ-ਵੰਡ, ਬ੍ਰਾਹਮਣ ਦੀ ਉੱਚਿਤਾ ਤੇ ਸ਼ੂਦਰ ਦੀ ਨਿਯੂਨਤਾ ਬੰਦੇ ਦੀ ਸ਼ਰਾਰਤੀ ਹੱਦਬੰਦੀ ਹੈ। ਇਸ ਨੂੰ ਨਹੀਂ ਰਹਿਣ ਦਿਤਾ ਜਾਵੇਗਾ। ਈਸ਼ਵਰੀ ਨਾਦ ਹੈ—

"ਹੁਣਿ ਹੁਕਮੁ ਹੋਆ ਮਿਹਰਵਾਨ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥੧੩॥" (ਪੰਨਾ ੭੪)

ਸੰਨ ੧੬੯੯ ਵਿਚ ਖ਼ਾਲਸੇ ਦੀ ਸਿਰਜਣਾ, ਰੱਬ ਦੇ ਨਾਂ ਨਾਲ ਜੋੜ ਕੇ ਕੀਤੀ ਜਾਣ ਵਾਲੀ ਧੱਕੇ-ਸ਼ਾਹੀ ਦੇ ਖ਼ਿਲਾਫ਼ ਸਦੀਵੀ ਐਲਾਨਿ ਜੰਗ ਸੀ। ਬਾਦਸ਼ਾਹ, ਇਸਲਾਮੀ, ਸਾਮੀ ਅਕੀਦੇ ਅਨੁਸਾਰ, ਧਰਤੀ ਉਤੇ ਰੱਬ ਦਾ ਪਰਛਾਵਾਂ ਹੈ ਤੇ ਰੱਬ ਤੋਂ ਬਾਅਦ ਧਰਤੀ ਉਤੇ ਇਸ ਦੀ ਤਾਅਜ਼ੀਮ ਧਾਰਮਿਕ ਫ਼ਰੀਜ਼ਾ (Divine Rights of Kings) ਹੈ, ਤੇ ਉਹ ਬਾਦਸ਼ਾਹ ਧਰਤੀ ਉਤੇ ਜਿਵੇਂ ਜੀਅ ਚਾਹੇ, ਖੁਲ੍ਹ ਖੇਲੇ, ਕਿੰਤੂ ਨਹੀਂ ਕੀਤਾ ਜਾ ਸਕਦਾ; ਖਾਲਸਾ ਇਸ ਨੂੰ ਅਪਰਵਾਨ ਕਰਦਾ ਹੈ, ਹਮੇਸ਼ਾ ਲਈ ਰੱਦ ਕਰਦਾ ਹੈ। ਰਾਜਾ ਦੂਜਿਆਂ ਦੇ ਬਰਾਬਰ ਹੈ, ਪਰ ਸੇਵਾਦਾਰ ਵੱਡਾ ਹੈ ਤੇ ਬੱਸ।

ਸਤਾਰ੍ਹਵੀਂ ਸਦੀ ਵਿਚ ਜਦੋਂ ਮੁਗ਼ਲ ਸਮਰਾਟਾਂ ਨੇ "ਅੱਸ਼ਰਅ ਤਹਿਤੁੱਸ਼ੈਫ਼", ਭਾਵ, ਇਸਲਾਮੀ ਏਕਾ-ਕੇਂਦ੍ਰਿਤ ਸਮਾਜ ਦੇ ਸਿਧਾਂਤ ਨੂੰ ਤਲਵਾਰ ਦੇ ਜ਼ੋਰ ਨਾਲ ਲਾਗੂ ਕਰਨਾ ਆਰੰਭਿਆ ਤਾਂ ਇਸ ਕੁਚੇਸ਼ਟਾ ਨੂੰ ਅਸਫਲ ਕਰਨ ਲਈ ਸਿਖ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਲੱਖਾਂ ਸਿਖਾਂ ਨੇ ਕੁਰਬਾਨੀਆਂ ਦਿਤੀਆਂ। ਇਸਲਾਮੀ ਅਕੀਦਾ ਹੈ ਕਿ ਜ਼ਮੀਨ ਅੱਲਾ ਦੀ ਹੈ, ਇਸ ਉਤੇ ਕੇਵਲ ਮੋਮਨ ਦਾਂ ਹੀ ਅਧਿਕਾਰ ਹੈ। ਇਸ ਹੇਠ, ਸਮੁੰਦਰਾਂ ਵਿਚ, ਜ਼ਮੀਨ ਤੇ ਜੋ ਉਗਦਾ ਹੈ ਤੇ ਸਭ ਜੀਵ ਜੰਤੂ ਮੋਮਨ ਦੀ ਖ਼ਿਦਮਤ ਲਈ ਅੱਲਾ ਨੇ ਪੈਦਾ ਕੀਤੇ ਹਨ। ਸਿਖ ਅਕੀਦੇ ਅਨੁਸਾਰ ਇਸ ਸ੍ਰਿਸ਼ਟੀ ਦਾ ਸਾਜਣਹਾਰ ਤੇ ਇਸ ਦਾ ਮਾਲਿਕ ਸਿਰਫ਼ ਇਕ ਅਕਾਲ

ਪੁਰਖ ਹੈ, ਤੇ ਉਸ ਤੋਂ ਬਾਅਦ ਉਸ ਦੇ ਨੂਰ ਤੋਂ ਉਪਜਣ ਵਾਲੇ ਬੰਦਿਆਂ ਦੀ ਹੈ। ਸਭ ਦੀ ਸਾਂਝੀ ਮਾਲਕੀ ਹੈ। ਅੱਲਾ ਨੇ ਕਿਸੇ ਨੂੰ ਇਸ ਦੀ ਅਜ਼ਾਰੇਦਾਰੀ ਨਹੀਂ ਦਿਤੀ। ਇਹੋ ਦੋਹਾਂ ਸਿਧਾਂਤਾਂ ਦੇ ਟਕਰ ਦਾ ਮੁਢ ਹੈ। ਮੁਸਲਮਾਨੀ ਅਕੀਦੇ ਅਨੁਸਾਰ ਜੋ ਸਮਾਜ ਹਿੰਦੁਸਤਾਨ ਵਿਚ ਸਥਾਪਤ ਹੋਣਾ ਸੀ, ਉਸ ਦੀ ਰੂਪ-ਰੇਖਾ ਬਾਰੇ ਭਾਈ ਸੰਤੋਖ ਸਿੰਘ ਨੇ "ਗੁਰਪ੍ਰਤਾਪ ਸੂਰਯੋਦਯ" ਵਿਚ ਜ਼ਿਕਰ ਕਰਦਿਆਂ ਦਸਿਆ ਹੈ, ਜਿਵੇਂ ਕਿ ਹੋਰ ਇਤਿਹਾਸਕਾਰ ਵੀ ਉਨ੍ਹਾਂ ਨਾਲ ਰਲਦੇ ਮਿਲਦੇ ਹੀ ਸੰਕੇਤ ਦੇਂਦੇ ਹਨ, ਭਾਈ ਸਾਹਿਬ, ਹਿੰਦ-ਵਾਸੀਆਂ ਦੀ ਸਮਾਜਕ ਸਥਿਤੀ ਕੀ ਹੋਣੀ ਸੀ, ਬਾਰੇ ਦਸਦੇ ਹਨ—

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ, ਫਲਤੀ ਕੁਚੀਲਤਾ ਕਤੇਬਨ ਕੁਰਾਨ ਕੀ।<br>
ਦੇਵੀ ਦੇਵ ਦੇਵਲ ਸੰਤੋਖ ਸਿੰਘ ਦੂਰ ਹੋਤੇ, ਹੋਵਤੀ ਅਲੋਪ ਕਥਾ ਬੇਦਨ ਪੁਰਾਨ ਕੀ। ਆਦਿ।

ਸਿਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਆਪਣੇ ਜੀਵਨ ਕੁਰਬਾਨ ਕਰ ਕੇ ਹਿੰਦੂ ਧਰਮ ਨੂੰ ਫਨਾਅ-ਫਿੱਲਾ ਹੋਣੋਂ ਬਚਾਅ ਲਿਆ। ਲਾਲਾ ਦੌਲਤ ਰਾਏ "ਸਵਾਨਿਅ ਉਮਰੀ ਗੁਰੂ ਗੋਬਿੰਦ ਸਿੰਘ" ਦੇ ਮੁਢਲੇ ੩੭ ਸਫਿਆਂ ਵਿਚ ਹਿੰਦੂਆਂ ਨਾਲ ਮੁਸਲਮਾਨਾਂ ਵਲੋਂ ਹੋਣ ਵਾਲੇ ਦੁਰ-ਵਿਹਾਰ ਦਾ ਜ਼ਿਕਰ ਮੁਸਲਮਾਨ ਤੇ ਅੰਗਰੇਜ਼ ਇਤਿਹਾਸਕਾਰਾ ਦੇ ਲਿਖਤੀ ਹਵਾਲਿਆਂ ਨਾਲ ਜੋ ਦਸਦਾ ਹੈ, ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਹ ਨੰਗੇ ਵਹਿਸ਼ੀਪਨ ਦੀ ਤਸਵੀਰ ਹੈ।

ਇਸੇ ਸ਼ਰੱਈ ਏਕਾ-ਕੇਂਦ੍ਰਿਤ ਇਸਲਾਮੀ ਸਮਾਜ ਦਾ ਭਿਆਨਕ ਰੂਪ ਉਸ ਵੇਲੇ ਚੰਗੀ ਤਰ੍ਹਾਂ ਖੁਲ੍ਹ ਕੇ ਅੱਖਾਂ ਮੂਹਰੇ ਆਉਂਦਾ ਹੈ, ਜਦ ਕੋਈ ਚੋਟੀ ਦਾ ਮੁਸਲਮਾਨ ਵਿਦਵਾਨ ਉਸ ਦਾ ਜ਼ਿਕਰ ਕਰੇ, ਤੇ ਹੋਵੇ ਉਹ ਸਭ ਕੁਝ ਉਸ ਨੇ ਅੱਖੀਂ ਵੇਖਿਆ। ਸੁਲਤਾਨ ਅਲਾਉੱਦੀਨ ਖ਼ਿਲਜੀ ਦਾ ਸਮਕਾਲੀ ਮਹਾਨ ਇਤਿਹਾਸਕਾਰ ਜ਼ਿਆਉਦੀਨ ਬਰਨੀ ਹੈ, ਬਗੈਰ ਕਿਸੇ ਲਗ-ਲਗਾਉ ਤੋਂ ਲਿਖਦਾ ਹੈ। ਉਸੇ ਦੀ ਫ਼ਾਰਸੀ ਜ਼ਬਾਨ ਵਿਚ ਲਿਖੀ "ਤਵਾਰੀਖ-ਫਿਰੋਜ਼ਸ਼ਾਹੀ" ਇਤਿਹਾਸ ਦੀ ਬਹੁਮੁੱਲੀ ਕਿਤਾਬ ਹੈ। ਇਸ ਵਿਚ ਉਸ ਨੇ ਅੱਖੀਂ ਡਿੱਠੇ ਹਾਲਾਤ ਦਰਜ ਕੀਤੇ ਹਨ। ਉਹ ਸੁਲਤਾਨ ਅਲਾਉੱਦੀਨ ਖ਼ਿਲਜੀ ਬਾਰੇ ਕਹਿੰਦਾ ਹੈ ਕਿ ਸੁਲਤਾਨ ਕੋਈ ਕੱਟੜ ਤੇ ਸ਼ਰੱਈ ਮੁਸਲਮਾਨ ਨਹੀਂ ਸੀ।੨

ਇਹ ਜ਼ਿਆਉੱਦੀਨ ਬਰਨੀ ਦਸਦਾ ਹੈ ਕਿ ਬਾਦਸ਼ਾਹ ਨਮਾਜ਼ ਰੋਜ਼ੇ ਦਾ ਬਿਲਕੁਲ ਪਾਬੰਦ ਨਹੀਂ ਸੀ ਤੇ ਰੱਜ ਕੇ ਸ਼ਰਾਬ ਪੀਂਦਾ ਸੀ। ਸ਼ਰੱਈ ਗੱਲਾਂ ਵੱਲ ਉਸ ਨੇ ਕਦੀ ਧਿਆਨ ਨਹੀਂ ਸੀ ਦਿਤਾ। ਇਕ ਦਿਨ ਉਸ ਨੇ ਆਪਣੇ ਧੁਰੰਦਰ ਵਿਦਵਾਨ ਕਾਜ਼ੀ ਮੁਗੀਸੁੱਦੀਨ ਬਿਆਨਵੀ ਪਾਸੋਂ ਕੁਝ ਗੁੰਝਲਦਾਰ ਮਸਲਿਆਂ ਬਾਰੇ ਸ਼ਰਅ ਦਾ ਹੁਕਮ ਜਾਨਣਾ ਚਾਹਿਆ। ਬਾਦਸ਼ਾਹ ਤਾਂ ਸ਼ਰਅ ਤੋਂ ਕੋਹਾਂ ਦੂਰ ਸੀ। ਕਾਜ਼ੀ ਡਰ ਗਿਆ ਕਿ ਉਸ ਦੀ ਜਾਨ ਦੀ ਖ਼ੈਰ ਨਹੀਂ ਹੈ। ਕਹਿਣ ਲੱਗਾ ਕਿ "ਮੈਂ ਬਾਦਸ਼ਾਹ ਦੇ ਸੁਆਲਾਂ ਦਾ ਸ਼ਰਅ ਅਨੁਸਾਰ ਉੱਤਰ ਦੇ ਦਿਆਂਗਾ, ਪਰ ਉਹ ਬਾਦਸ਼ਾਹ ਦੀ ਮਰਜ਼ੀ ਦੇ ਉਲਟ ਹੋਣੇ ਹਨ ਤੇ ਮੇਰੇ ਕਤਲ ਦਾ ਹੁਕਮ ਸਾਦਰ ਹੋ ਜਾਵੇਗਾ।" ਬਾਦਸ਼ਾਹ ਨੇ ਹੌਸਲਾ ਦੇਂਦਿਆਂ ਕਿਹਾ ਕਿ, "ਤੁਸੀਂ ਮੁਹੰਮਦੀ ਸ਼ਰਅ ਅਨੁਸਾਰ ਸੱਚ ਸੱਚ ਜਵਾਬ ਦੇ ਦਿਉ, ਸੱਚ ਨੂੰ ਆਂਚ ਨਹੀਂ ਆਵੇਗੀ।"

ਪਹਿਲਾ ਸਵਾਲ ਬਾਦਸ਼ਾਹ ਨੇ ਕਾਜ਼ੀ ਤੋਂ ਪੁਛਿਆ ਕਿ ਸ਼ਰਅ ਅਨੁਸਾਰ ਕਿਸ ਹਿੰਦੂ ਨੂੰ ਖ਼ਰਾਜ-ਗੁਜ਼ਾਰ (ਜ਼ਮੀਨ ਦਾ ਮਹਿਸੂਲ ਦੇਣ ਵਾਲਾ, ਮਾਲਗੁਜ਼ਾਰ) ਕਿਹਾ ਜਾਂਦਾ ਹੈ? ਕਾਜ਼ੀ ਨੇ ਜਵਾਬ ਦਿਤਾ ਕਿ "ਸ਼ਰਅ ਮੁਹੰਮਦੀ ਅਨੁਸਾਰ ਉਸ ਹਿੰਦੂ ਨੂੰ ਖ਼ਰਾਜ-ਗੁਜ਼ਾਰ ਕਿਹਾ ਜਾਏਗਾ ਜੋ ਸਰਕਾਰੀ ਉਗਰਾਹੀ ਕਰਨ ਵਾਲੇ ਨੂੰ, ਜਦ ਉਹ ਉਸ ਪਾਸੋਂ ਚਾਂਦੀ ਮੰਗੇ ਤਾਂ ਉਹ ਹਿੰਦੂ, ਬਿਨਾਂ ਝਿਜਕ, ਅਤੀ ਨਿਰਮਾਣਤਾ ਅਤੇ ਅਧੀਨਗੀ ਨਾਲ ਸੋਨਾ ਪੇਸ਼ ਕਰੇ। **"ਵ ਅਗਰ ਮੁਹਾਸਿਲ ਖ਼ੂਏ ਦਰ ਦਹਿਨਿ ਊ ਅੰਦਾਜ਼ਦ, ਊ ਬੇ ਹੇਜ਼ ਤਨੱਫ਼ਰੇ ਦਹਿਨ ਬਾਜ਼ ਕੁਨਦ ਤਾ ਮਹਸਲ ਖ਼ੂਏ ਦਰ ਦਹਿਨਿ ਊ ਅੰਦਾਜ਼ਦ ਵ ਦਰਾਂ ਹਾਲਤ ਮਹਿਸਲ ਰਾ ਖ਼ਿਦਮਤ ਕੁਨਦ**[੩] ਅਰਥਾਤ—"ਜੇ ਉਗਰਾਹੀ ਕਰਨ ਵਾਲਾ ਉਸ ਹਿੰਦੂ ਦੇ ਮੂੰਹ ਵਿਚ ਆਪਣੀ ਬਲਗਮ ਥੁੱਕੇ ਤਾਂ ਉਹ



www.AKJ.Org

ਬਿਨਾਂ ਅਲਕਤ ਜਾਂ ਘਿਰਣਾ ਮਹਿਸੂਸ ਕੀਤੇ ਦੇ ਮੂੰਹ ਟੱਡ ਕੇ ਉਸ ਦਾ ਥੁਕ ਡਗਾ ਲਵੇ ਅਤੇ ਨਾਲ ਹੀ ਖ਼ਰਾਜ ਵਸੂਲ ਕਰਨ ਵਾਲੇ ਦੀ ਚੰਗੂ ਟਹਿਲ ਸੇਵਾ ਕਰੇ।'' ਹੋਰ ਮਸਲਿਆਂ ਦੇ ਜਵਾਬ ਵਿਚ ਕਾਜ਼ੀ ਅਗੇ ਦਸਦਾ ਹੈ– ''ਖ਼ੁਦਾ ਨੇ ਇਨ੍ਹਾਂ (ਹਿੰਦੂਆਂ) ਨੂੰ ਜ਼ਲੀਲ ਤੇ ਬੇਇਜ਼ਤ ਕਰਨ ਬਾਬਤ ਫ਼ੁਰਮਾਇਆ ਹੈ ਕਿ ਇਨ੍ਹਾਂ ਨੂੰ ਤਬਾਹ ਹਾਲਤ ਰਖੋ''... ਕਿਉਂਕਿ ਹਿੰਦੂ ਰਸੂਲ ਅਕਰਮ ਦੇ ਸਭ ਤੋਂ ਵਡੇ ਵੈਰੀ ਹਨ ਅਤੇ ਰਸੂਲ ਕਰੀਮ ਨੇ ਹਿੰਦੂਆ ਨੂੰ ਮਾਰ ਮੁਕਾਉਣ, ਇਨ੍ਹਾਂ ਦ ਮਾਲ ਅਸਬਾਰ ਲੁਟ ਲੈਣ ਅਤੇ ਇਨ੍ਹਾਂ ਨੂੰ ਗ਼ੁਲਾਮ ਬਨਾਉਣ ਦਾ ਹੁਕਮ ਦਿਤਾ ਹੈ, ਕਿ ਜਾਂ ਤਾਂ ਉਹ ਮੁਸਲਮਾਨ ਬਣ ਜਾਣ, ਜਾਂ ਇਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ ਅਤੇ ਜਾਂ ਦਾਸ ਬਣਾ ਲਿਆ ਜਾਵੇ ।...ਬਾਦਸ਼ਾਹ ਨੇ ਕਿਹਾ, ''ਮੈਂ ਪਹਿਲਾਂ ਹੀ ਹਿੰਦੂਆਂ ਨੂੰ ਐਨਾ ਭੈਭੀਤ ਕੀਤਾ ਹੋਇਆ ਹੈ ਕਿ ਮੈਂ ਜੇ ਉਨ੍ਹਾਂ ਨੂੰ ਕਹਾਂ ਤਾਂ ਉਹ ਚੂਹਿਆਂ ਵਾਂਗ ਖੁਡਾਂ ਵਿਚ ਘੁਸ ਜਾਣ ।...ਮੈਂ ਹੁਕਮ ਦੇ ਕੇ ਐਸਾ ਬੰਦੋਬਸਤ ਕੀਤਾ ਹੋਇਆ ਹੈ ਕਿ ਕਿਸੇ ਹਿੰਦੂ ਨੂੰ ਸਿਵਾਏ ਦੋਹਾਂ ਵੇਲਿਆਂ ਲਈ ਸੁੱਕੇ ਟੁੱਕਰ ਦੇ ਹੋਰ ਕੁਝ ਜਮ੍ਹਾ ਕਰਨ ਜਾਂ ਜਾਇਦਾਦ ਬਣਾਉਣ ਦਾ ਮੌਕਾ ਹੀ ਹੱਥ ਨਾ ਲਗੇ ।੫

ਇਹ ਮਿਰਫ਼ ਦੇਗ ਚੋਂ ਇਕ ਦਾਣਾ ਟੋਹ ਕੇ ਸਮਝ ਲੈਣ ਦੀ ਲੋੜ ਹੈ ਕਿ ਦੇਗ ਕੈਸੀ ਹੈ। ਐਸੀਆਂ ਅਮੁਕ ਮਿਸਾਲਾਂ ਹਨ ਜੋ ਦਸੀ ਹਕੀਕਤ ਤੋਂ ਕਿਤੇ ਵਧ ਤਸਵੀਰ ਪੇਸ਼ ਕਰਨਗੀਆਂ। ਇਹ ਮੁਗਲਾਂ ਤੋਂ ਪਹਿਲਾਂ ਦਾ ਹਾਲ ਹੈ। ੧੩ਵੀਂ ਚੋਦ੍ਹਵੀਂ ਸਦੀ ਵਿਚ ਹਿੰਦੁਸਤਾਨ ਵਿਚ ਹਿੰਦੂਆਂ ਦੀ ਕੀ ਹਾਲਤ ਸੀ, ਇਥੋਂ ਸਮਝ ਲਈ ਜਾਵੇ।

ਇਹ ਏਕਾ-ਕੇਂਦ੍ਰਿਤ ਸ਼ਰਈ ਸਮਾਜ ਸੀ ਜਿਸ ਤੋਂ ਹਿੰਦੂਆਂ ਨੂੰ ਬਚਾਉਣ ਲਈ ਤੇ ਸ੍ਵੈ-ਰਖਿਆ ਲਈ ਸਿਖ ਗੁਰੂ ਸਾਹਿਬਾਨ ਤੇ ਸਿੱਖਾਂ ਨੇ ਸੰਘਰਸ਼ ਦਾ ਝੰਡਾ ਬੁਲੰਦ ਕੀਤਾ। ਬਹੁ-ਕੇਂਦ੍ਰਿਤ ਸਮਾਜ ਦੇ ਸਿਧਾਂਤ ਦੀ ਰਾਖੀ ਤੇ ਸਥਾਪਤੀ ਲਈ ਗੁਰੂ ਅਰਜਨ ਦੇਵ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਜੀ, ਕਲਗੀਧਰ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਮਾਤਾ ਜੀ, ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ। ਗੁਰੂ ਹਰਿਗੋਬਿੰਦ ਸਾਹਿਬ ਮੈਦਾਨਾਂ ਵਿਚ ਜੂਝਦੇ ਰਹੇ। ਗੁਰੂ ਹਰਿ ਰਾਏ ਸਾਹਿਬ ਨੇ ਬੜੀਆਂ ਮੁਸੀਬਤਾਂ ਝੱਲੀਆਂ, ਸਾਲਾਂ-ਬਧੀ ਸਿੱਖਾਂ ਦੇ ਖ਼ੂਨ ਦੀਆਂ ਨਦੀਆਂ ਵਗਦੀਆਂ ਰਹੀਆਂ। ਪੂਰੀ ਸਤਾਰ੍ਹਵੀਂ ਸਦੀ ਤੇ ਅਠਾਰ੍ਹਵੀਂ ਸਦੀ ਦੇ ਸੱਤ ਧਾਕਿਆਂ ਤੱਕ ਸਿੱਖਾਂ ਨੂੰ ਬੜੇ ਲੰਮੇ ਤੇ ਔਖੇ ਸੰਘਰਸ਼ ਵਿਚੋਂ ਦੀ ਲੰਘਣਾ ਪਿਆ, ਆਜ਼ਾਦੀ ਲਈ ਬੜੀ ਭਾਰੀ ਕੀਮਤ ਚੁਕਾਣੀ ਪਈ। ਸ਼ਾਇਦ ਹੀ ਪੌਣੇ ਦੋ ਸੌ ਸਾਲ ਤਕ ਕਿਸੇ ਕੌਮ ਨੂੰ ਦੁਨੀਆ ਦੇ ਤਖ਼ਤੇ ਤੇ ਇਸ ਤਰ੍ਹਾਂ ਭਿਆਨਕ ਮੌਤ ਦੇ ਪਰਛਾਵੇਂ ਥਲੇ ਕਟਣੀ ਪਈ ਹੋਵੇ।

ਐਡੇ ਲੰਮੇ ਸੰਘਰਸ਼, ਜ਼ੁਲਮੋ ਜਬਰ, ਬੇਮਿਸਾਲ ਖ਼ੂਨ-ਖ਼ਰਾਬੇ ਪਿਛ ਇਕ ਹੀ ਆਦਮੀ ਦਾ ਹੱਥ ਹੈ। ਇਸ ਦੀ ਆਤਮਾ ਨੇ ਇਸ ਤੋਂ ਇਹ ਸਭ ਕੁਝ ਕਿਉਂ ਕਰਵਾਇਆ, ਉਸ ਦੀ ਲਾਈ ਅੱਗ ਅੱਜ ਵੀ ਬੁਝਣ ਵਿਚ ਨਹੀਂ ਆ ਰਹੀ, ਅਗਲੀ ਸਦੀ ਇਕੀਵੀਂ ਵਿਚ ਵੀ ਇਸਦੇ ਭਾਂਬੜ ਭੜਕਦੇ ਨਜ਼ਰ ਆਉਂਦੇ ਹਨ, ਕਿਸੇ ਇਤਿਹਾਸਕਾਰ ਨੇ ਇਸ ਵਲ ਧਿਆਨ ਕਰ ਕੇ ਇਸ ਸ਼ਖ਼ਸ ਦੇ ਚਿਹਰੇ ਤੋਂ ਪਰਦਾ ਨਹੀਂ ਚੁਕਿਆ। ਸੰਭਵ ਹੈ ਕਿ ਇਤਿਹਾਸਕਾਰਾਂ ਨੂੰ ਇਸ ਬਾਰੇ ਗਿਆਨ ਹੀ ਨਾ ਹੋਵੇ। ਇਹ ਕੌਣ ਸੀ ? ਇਹ ਵਿਯਕਤੀ ਸੀ ਸ਼ੈਖ਼ ਅਹਿਮਦ ਸਰਹਿੰਦੀ, ਮੁਜੱਦਦ ਅਲਫ਼ ਸਾਨੀ। (ਇਸਲਾਮ ਦੇ ਦੂਜੇ ਹਜ਼ਾਰਵੇਂ ਦਾ ਧਰਮ ਰਖਯਕ–ਜੀਵਨ ਕਾਲ ੧੫੬੧ ਤੋਂ ੧੬੨੪ ਈ:)।

[ਚਲਦਾ

### ਹਵਾਲੇ


(੧) ਸ: ਕਪੂਰ ਸਿੰਘ–ਸਾਚੀ ਸਾਖੀ, ਦੂਜੀ ਛਾਪ, ਸਫ਼ਾ ੨੬

(੨) ਜ਼ਿਆਉੱਦੀਨ ਬਰਨੀ–ਤਾਰੀਖ਼ਿ-ਫ਼ਿਰੋਜ਼ਸ਼ਾਹੀ, ਸਫ਼ਾ ੨੯੮

(੩) ,, ,, ,, ,, ਸਫ਼ਾ ੨੯੨

(੪) ,, ,, ,, ,, ਸਫ਼ਾ ੨੯੪ ਤੋਂ ੨੯੬ ਤਕ

(੫) ,, ,, ,, ,,




www.AKJ.Org

# ਸਰਬੱਤ ਖਾਲਸਾ

[ ਪ੍ਰਿੰਸੀਪਲ ਗੁਰਮੁਖ ਸਿੰਘ ਜੀ ]

**ਭੂਮਿਕਾ–**

'ਸਰਬੱਤ ਖਾਲਸਾ' ਸ਼ਬਦ ਅਠ੍ਹਾਰਵੀਂ ਸਦੀ ਵਿਚ ਸਿੰਘਾਂ ਨੇ ਆਪ ਹੀ ਘੜਿਆ। ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋ ਜਾਣ ਮਗਰੋਂ ਸਿੱਖ ਕੌਮ ਦਾ ਕੋਈ ਯੋਗ ਆਗੂ ਨਾ ਉਭਰਿਆ। ਥਾਉਂ, ਥਾਈਂ ਸਿੰਘ ਸਥਾਨਕ ਆਗੂਆਂ ਦੀ ਕਮਾਂਡ ਹੇਠ ਜਥੇਬੰਦ ਹੋਣ ਲਗ ਪਏ। ੧੭੧੦ ਤੋਂ ੧੭੧੬ ਤਕ ਦੇ ਲਗ ਪਗ ਛੇ ਸਾਲਾਂ ਵਿਚ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਨੂੰ ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ। ਖੁਸ਼ਵੰਤ ਸਿੰਘ ਦਾ ਵਿਚਾਰ ਹੈ, ਮੁਗਲ ਸ਼ਾਸਨ ਨੇ ੧੭੧੬ ਤੋਂ ਮਗਰੋਂ ਜਦੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਪਾਲਿਸੀ ਬਣਾ ਲਈ ਤਾਂ ਸਿੱਖਾਂ ਪਾਸ ਦੋ ਹੀ ਰਸਤੇ ਸਨ : ਜਾਂ ਤਾਂ ਉਹ ਕੇਸ ਕਟਾ ਕੇ ਸਹਿਜਧਾਰੀਆਂ ਵਿਚ ਲੁਪਤ ਹੋ ਜਾਣ, ਜਾਂ ਘਰ-ਬਾਰ ਛੱਡ ਕੇ ਦੇਸ਼ ਅਤੇ ਕੌਮ ਲਈ ਖਾਲਸਈ ਸਰੂਪ ਵਿਚ ਲੜਦੇ ਲੜਦੇ ਸ਼ਹੀਦ ਹੋ ਜਾਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੀ ਪੂਰਤੀ ਲਈ ਖਾਲਸਾ ਸਰਕਾਰੀ ਜੱਬਰ ਵਿਰੁੱਧ ਜੱਥੇਬੰਦ ਹੋਣ ਲਗ ਪਿਆ। ਇਉਂ ਖਾਲਸਾ ਫੌਜ ਹੌਲੀ ਹੌਲੀ ਬਣਦੀ ਗਈ, ਜਿਸ ਨੇ ਅਗਲੇ ਪੰਜਾਹ ਸਾਲ ਮੁਗਲਾਂ ਨਾਲ ਤਕੜਾ ਲੋਹਾ ਲਿਆ। ਇਨ੍ਹਾਂ ਜਥਿਆਂ ਦੇ ਸਮੂਹ ਨੂੰ 'ਸਰਬੱਤ ਖਾਲਸਾ' ਦਾ ਨਾਮ ਦਿੱਤਾ ਗਿਆ। ਅਤੇ ਇਨ੍ਹਾਂ ਵੱਲੋਂ ਸਰਬ-ਸੰਮਤੀ ਨਾਲ ਪਾਸ ਕੀਤੇ ਜਾਂਦੇ ਮਤਿਆਂ ਨੂੰ 'ਗੁਰਮਤਾ' ਕਿਹਾ ਜਾਂਦਾ ਸੀ, ਜੋ ਸਮੁੱਚੇ ਪੰਥ ਤੇ ਲਾਗੂ ਹੁੰਦਾ।

ਭਾਈ ਗੁਰਦਾਸ ਜੀ ਦੀ ਇਹ ਟੂਕ :–'ਇਕ ਸਿੱਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ'* ਦਾ ਸਰਬੱਤ ਖਾਲਸਾ ਅਤੇ ਗੁਰਮਤੇ ਦੇ ਸੰਬੰਧ ਵਿਚ ਵੱਡਾ ਮਹੱਤਵ ਹੈ। ਸ੍ਰੀ ਗੁਰੂ ਗੋਬਿੰਦ ਜੀ ਨੇ ਸ਼ਾਇਦ ਇਸੇ ਰਵਾਇਤ ਨੂੰ ਮੁੱਖ ਰਖਦਿਆਂ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਲਈ ਗੁਰ-ਗੱਦੀ ਦੀ ਸੌਂਪਣਾ ਕੀਤੀ ਉਥੇ ਸਤਿਗੁਰੂ ਜੀ ਨੇ ਖਾਲਸੇ ਵਿਚ ਆਪ ਹਾਜ਼ਰ ਰਹਿਣ ਦਾ ਸੰਕੇਤ ਭੀ ਦਿੱਤਾ। ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਰਹਿ ਕੇ ਪੰਥਕ ਹਿੱਤਾਂ ਲਈ ਗੁਰਮਤਿ ਦੀ ਸੇਧ ਲੈਂਦੇ ਹੋਏ ਇਕੱਠੇ ਹੋ ਕੇ ਫੈਸਲੇ ਲੈਣ ਦਾ ਮਾਰਗ ਦਰਸਾਇਆ। ਚਮਕੌਰ ਦੀ ਗੜ੍ਹੀ ਵਿਚ ਪੰਜਾਂ ਨੇ ਇਕੱਠੇ ਹੋ ਕੇ ਸਤਿਗੁਰਾਂ ਨੂੰ ਜੋ ਹੁਕਮ ਗੜ੍ਹੀ ਛਡ ਕੇ ਚਲੇ ਜਾਣ ਲਈ ਦਿੱਤਾ ਸੀ, ਓਹ ਪਹਿਲਾ 'ਗੁਰਮੱਤਾ' ਸਮਝਿਆ ਜਾ ਸਕਦਾ ਹੈ ਤੇ ਉਹਨਾਂ ਦੀ ਇਕੱਤਰਤਾ, ਸਮੇਂ ਤੇ ਸਥਾਨ ਮੁਤਾਬਕ 'ਸਰਬੱਤ ਖਾਲਸਾ' ਹੀ ਸੀ। ਇਸ ਨਵੀਂ ਪਰੰਪਰਾ ਨੇ ਸਤਿਗੁਰਾਂ ਦੀ ਆਪਣੀ ਮੌਜੂਦਗੀ ਵਿਚ ਹੀ ਜਨਮ ਲਿਆ।

"ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ"† ਦੀ ਗੁਰਮਤਿ ਸੇਧ ਸਰਬੱਤ ਖਾਲਸੇ ਦੀ ਇਕੱਤਰਤਾ ਨੂੰ ਰੱਬੀ ਹੁੰਗਾਰਾ ਬਖਸ਼ਦੀ ਹੈ। ਸੰਗਤ ਦੀ ਬੇਨਤੀ ਤੇ ਹੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜਿਆ ਸੀ। ਦਸਵੇਂ ਪਾਤਸ਼ਾਹ ਨੇ ਖਾਲਸਾ ਫੌਜ ਦੇ ਕਹਿਣ ਤੇ ਅਨੰਦਪੁਰ ਦਾ ਕਿਲ੍ਹਾ ਛਡਿਆ ਸੀ। ਸਤਿਗੁਰੂ ਸਾਹਿਬਾਨ ਸੰਗਤ ਦਾ ਇਤਨਾ ਸਤਿਕਾਰ ਕਰਦੇ ਸਨ। ਗੁਰ ਉਪਦੇਸ਼ ਰਾਹੀਂ ਸਰਬੱਤ ਖਾਲਸੇ ਲਈ ਸੇਧ ਗੁਰਬਾਣੀ ਵਿਚ ਮੌਜੂਦ ਹੈ–

ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥੧੯॥

[ਬਸੰਤੁ ਮ: ੫–੧੧੮੫

ਖਾਲਸੇ ਨੂੰ ਤਾਕੀਦ ਹੈ, ਹਰਿਨਾਮ ਦੀ ਲਿਵ ਵਿਚ ਜੁੜ ਕੇ ਦੁਬਿਧਾ ਦਵੈਤਾ ਨੂੰ ਮਿਟਾ ਕੇ ਇਕ ਥਾਂ 'ਤੇ ਮਿਲ ਬੈਠੋ ਅਤੇ ਸਾਰੇ ਇਕੱਤਰ ਹੋ ਜਾਵੋ।

---

*ਵਾਰ ੧੩, ਪਉੜੀ ੧੯ †ਮਾਝ ਮ: ੫, ਪੰਨਾ ੯੪



www.AKJ.Org

ਏ. ਸੀ. ਬੈਨਰਜੀ ਆਪਣੀ ਪੁਸਤਕ 'ਦੀ ਖਾਲਸਾ ਰਾਜ' ਦੇ ਪੰਨਾ ੩੮ ਤੇ ਲਿਖਦਾ ਹੈ ਕਿ ਦਸਵੇਂ ਪਾਤਸ਼ਾਹ ਨੇ ਰੂਹਾਨੀ ਗੁਰਤਾ ਦਾ ਦਰਜਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤਾ, ਪਰ ਦੁਨਿਆਵੀ ਅਤੇ ਪੰਥਕ ਹਿੱਤਾਂ ਲਈ ਅਗਵਾਈ ਕਰਨ ਦੀ ਵਾਗ ਡੋਰ ਖਾਲਸਾ ਪੰਥ ਨੂੰ ਸੋਂਪੀ। ਇਹੋ ਵਿਚਾਰ ਪ੍ਰਿੰਸੀਪਲ ਤੇਜ ਸਿੰਘ ਨੇ ਭੀ ਆਪਣੀ ਪੁਸਤਕ 'ਸਿੱਖਇਜ਼ਮ ਇਟਸ ਆਈਡੀਅਲਜ਼ ਐਂਡ ਇਨਸਟੀਟਿਊਸ਼ਨਜ਼' ਵਿਚ ਪੰਨ ੩੨ ਤੇ ਦਿੱਤੇ ਹਨ।

ਡਾ: ਗੰਡਾ ਸਿੰਘ ਅਤੇ ਹੋਰ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਠਾਰ੍ਹਵੀਂ ਸਦੀ ਦੇ ਸਰਬੱਤ ਖਾਲਸਾ ਦਾ ਇਕੱਠ ਆਮ ਤੌਰ ਤੇ ਸਾਲ ਵਿਚ ਕੇਵਲ ਦੋ ਵਾਰੀ ਹੁੰਦਾ ਸੀ, ਅਤੇ ਉਹ ਭੀ ਸ੍ਰੀ ਅਕਾਲ ਤਖ਼ਤ ਦੇ ਖੁਲ੍ਹੇ ਵੇਹੜੇ ਵਿਚ।

ਪਰ ਉਨ੍ਹਾਂ ਬਿਖੜੇ ਸਮਿਆਂ ਵਿਚ ਕਈ ਵਾਰੀ ਸਿੰਘਾਂ ਨੇ ਕਿਸੇ ਗੁਪਤ ਥਾਂ ਤੇ ਬੈਠ ਕੇ ਕੋਈ 'ਗੁਰਮਤਾ' ਕਰ ਕੇ ਕਾਰਵਾਈ ਕਰਨੀ ਹੁੰਦੀ ਸੀ, ਜਿਵੇਂ ਕਿ ਮੱਸੇ ਰੰਘੜ ਦਾ ਸਿਰ ਵੱਢਣ ਦਾ ਗੁਰਮਤਾ ਹਾਲਾਤ ਮੁਜਬ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਣਾ ਸੰਭਵ ਨਹੀਂ ਸੀ। ਇਹ ਗੁਰਮਤਾ ਬੀਕਾਨੇਰ ਵਿਖੇ ਕਿਸੇ ਥਾਂ ਤੇ ਹੋਇਆ ਤੇ ਦੋ ਸਿੰਘਾਂ ਭਾਈ ਸੁਖਾ ਸਿੰਘ, ਮਹਿਤਾਬ ਸਿੰਘ ਨੇ ਮੱਸੇ ਦਾ ਸਿਰ ਵੱਢ ਕੇ ਲਿਆਉਣ ਦੀ ਸੇਵਾ ਆਪਣੇ ਜ਼ਿੰਮੇ ਲਈ। ਹਾਂ, ਜਦੋਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਵਿਚ ਮੁਗਲ ਸਰਕਾਰ ਵੱਲੋਂ ਕੋਈ ਰੁਕਾਵਟ ਨਾ ਖੜੀ ਹੁੰਦੀ ਤਾਂ 'ਸਰਬੱਤ ਖਾਲਸਾ' ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜ਼ਰੂਰ ਇਕੱਤਰ ਹੁੰਦਾ।

ਭਾਈ ਮਨੀ ਸਿੰਘ ਜੀ ੧੭੨੧ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਦੇ ਮੁਖ ਸੇਵਾਦਾਰ ਬਣੇ। ਉਸੇ ਸਾਲ ਹੀ ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿਚਕਾਰ ਝਗੜੇ ਦਾ ਨਿਪਟਾਰਾ ਜਿਸ ਤਰੀਕੇ ਨਾਲ ਕੀਤਾ ਗਿਆ, ਇਸ ਗੱਲ ਦਾ ਸੂਚਕ ਹੈ ਕਿ ਸਰਬੱਤ ਖਾਲਸਾ ਦੀ ਸੰਸਥਾ ਅਜੇ ਬਣੀ ਨਹੀਂ ਸੀ।

੧੭੧੬ ਤੋਂ ੧੭੩੩ ਤਕ ਇਨ੍ਹਾਂ ੧੭ ਸਾਲਾਂ ਵਿਚ ਕੌਮ ਨੇ ਖਾਲਸਾ ਫ਼ੌਜ ਦਾ ਰੂਪ ਧਾਰਨ ਕਰ ਲਿਆ। ਕਈ ਸਿੰਘ ਜਥੇਬੰਦੀਆਂ ਦੇ ਰੂਪ ਵਿਚ ਇਕੱਠੇ ਹੁੰਦੇ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਮੇਲੇ ਕਰ ਕੇ ਆਪੋ ਆਪਣੇ ਲੁਕਣ-ਟਿਕਾਣਿਆਂ ਵਿਚ ਪਰਤ ਜਾਂਦੇ।

ਜ਼ਕਰੀਆ ਖਾਨ ਨੇ ਖਾਲਸਾ ਫ਼ੌਜਾਂ ਵਲੋਂ ਨਿਤ ਸਰਕਾਰੀ ਖਜ਼ਾਨਾ ਲੁਟ ਲੈਣ ਅਤੇ ਹੋਰ ਕਈ ਪ੍ਰਕਾਰ ਦਾ ਨੁਕਸਾਨ ਕੀਤੇ ਜਾਣ ਤੋਂ ਛੁਟਕਾਰਾ ਪਾਉਣ ਲਈ ੧੭੩੩ ਦੀ ਵਿਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੋਏ ਖਾਲਸਾ ਫੌਜ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ। ਸਮੁਚੇ ਹਾਜ਼ਰ ਜਥਿਆਂ ਵਲੋਂ ਪ੍ਰਸਪਰ ਵਿਚਾਰ ਪਿਛੋਂ ਸਰਬ-ਸੰਮਤੀ ਨਾਲ ਮਤਾ ਪਾਸ ਹੋਇਆ ਕਿ ਨਵਾਬੀ ਲੈ ਲਈ ਜਾਵੇ, ਪਰ ਲੈ ਕੇ ਸੰਤੁਸ਼ਟ ਨਹੀਂ ਹੋ ਜਾਣਾ। ਕਿਉਂਕਿ ਪੂਰਨ ਖਾਲਸਾ ਰਾਜ ਕੌਮ ਦਾ ਨਿਸ਼ਾਨਾ ਬਣ ਚੁਕਾ ਸੀ। ਕੁਝ ਸਮੇਂ ਪਿਛੋਂ ਹੀ ਜ਼ਕਰੀਆ ਖ਼ਾਨ ਨੇ ਨਵਾਬੀ ਵਾਪਸ ਲੈ ਲਈ ਅਤੇ ਅੰਮਿਤਸਰ ਸ਼ਹਿਰ ਤੇ ਪਹਿਰਾ ਬਿਠਾ ਦਿੱਤਾ, ਜਿਸ ਕਰਕੇ ਸਰਬੱਤ ਖਾਲਸਾ ਕਾਫ਼ੀ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਤਰ ਨਹੀਂ ਹੋ ਸਕਿਆ। ਭਾਈ ਮਨੀ ਸਿੰਘ ਨੂੰ ਭੀ ਮੁਗਲ ਸਰਕਾਰ ਨੇ ਧੋਖਾ ਦੇ ਕੇ ਸ਼ਹੀਦ ਕਰ ਦਿੱਤਾ।

'ਸਰਬੱਤ ਖਾਲਸਾ' ਦੀ ਇਕੱਤਰਤਾ ਦੇ ਅਸਥਾਨ ਬਾਰੇ ਵਿਚਾਰ ਕਰਨਾ ਜ਼ਰੂਰੀ ਜਾਪਦਾ ਹੈ। ਖਾਲਸੇ ਦੀ ਜਨਮ ਭੂਮੀ ਭਾਵੇਂ ਸ੍ਰੀ ਅਨੰਦਪੁਰ ਸਾਹਿਬ ਹੈ, ਪਰ ਖਾਲਸੇ ਦਾ ਮੀਰੀ ਪੀਰੀ ਦਾ ਕੇਂਦਰ ੧੮ਵੀਂ ਸਦੀ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਸੰਗ ਸਾਥ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਰਿਹਾ ਹੈ ਅਤੇ ਅਗੋਂ ਭੀ ਇਹੋ ਅਸਥਾਨ ਖਾਲਸਾ ਜੀ ਦਾ ਕੇਂਦਰੀ ਅਸਥਾਨ ਬਣਿਆ ਰਹੇਗਾ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਅਗੰਮੀ ਸੂਝ ਅਨੁਸਾਰ ਸ੍ਰੀ ਅਕਾਲ ਤਖਤ ਦੀ ਰਚਨਾ ੧੬੦੬ ਤੋਂ


www.AKJ.Org

੧੬੦੯ ਦੇ ਵਿਚਕਾਰ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਮਗਰੋਂ, 'ਨਾਨਕ ਨਿਰਮਲ ਪੰਥ' ਵਿਚ ਜੋ ਮਾਨਸਿਕ ਪੀੜਾ ਉਠੀ, ਉਸ ਨੂੰ ਨਵੀਂ ਸੇਧ ਅਤੇ ਧਰਵਾਸ ਦੇਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਕੋਠਾ ਸਾਹਿਬ ਦੇ ਨਾਲ ਹੀ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਬਖਸ਼ਣ ਲਈ ਇਕ ਤਖ਼ਤ ਬਣਵਾਇਆ। ਸਿਖ ਸੰਗਤਾਂ ਇਕੱਤਰ ਹੁੰਦੀਆਂ ਅ ਤੇ ਸਿੱਖਾਂ ਅੰਦਰ ਬੀਰ-ਰਸ ਦਾ ਉਤਸ਼ਾਹ ਭਰਨ ਲਈ ਆਪ ਜੀ ਢਾਢੀਆਂ ਤੋਂ ਵਾਰਾਂ ਸੁਣਿਆ ਕਰਦੇ।੧੬੧੯ ਤੋਂ ੧੬੩੪ ਤਕ ਆਪ ਜੀ ਇਸ ਅਸਥਾਨ ਤੇ ਬਿਰਾਜੇ, ਪਰ ਆਪ ਜੀ ਦੇ ਕੀਰਤਪੁਰ ਸਾਹਿਬ ਚਲੇ ਜਾਣ ਮਗਰੋਂ, ਸ੍ਰੀ ਅਕਾਲ ਤਖਤ ਲਗ ਪਗ ਇਕ ਸਦੀ ਤਕ ਮੀਣਿਆਂ ਦੇ ਕਬਜ਼ੇ ਵਿਚ ਰਿਹਾ। ਮੁੜ ਭੀੜਾ ਦੇ ਸਮੇਂ ਖ਼ਾਲਸੇ ਨੇ ਇਥੇ ਪੁਜ ਕੇ, ਇਸ ਦੀ ਸਾਰ ਸੰਭਾਲ ਕੀਤੀ। ਸੰਨ ੧੭੩੩ ਦਾ ਗੁਰਮੱਤਾ, ਜਿਸ ਰਾਹੀਂ ਖਾਲਸੇ ਨੂੰ ਨਵਾਬੀ ਮਿਲੀ, ਉਹ ਇਸੇ ਅਸਥਾਨ ਤੇ ਹੀ ਹੋਇਆ ਸੀ। ਅਕਾਲ ਪੁਰਖ ਦੀ ਫੌਜ ਹੋਣ ਕਾਰਨ ਖਾਲਸਾ ਜੀ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੱਧ ਹੋਰ ਕਿਹੜਾ ਅਸਥਾਨ ਹੋ ਸਕਦਾ ਸੀ ?

**ਪ੍ਰੀਭਾਸ਼ਾ—**

ਸਤਿਗੁਰੂ ਸਾਹਿਬਾਨ ਦੇ ਹੁੰਦੇ ਸਰਬੱਤ ਖਾਲਸੇ ਨਾਮ ਦੀ ਕੋਈ ਸੰਸਥਾ ਨਹੀਂ ਸੀ ਅਤੇ ੧੮੦੯ ਦੇ ਆਖ਼ਰੀ ਗੁਰਮਤੇ ਤੋਂ ਮਗਰੋਂ ਫਿਰ ਮੁੜ ਕੇ ਸਰਬੱਤ ਖਾਲਸੇ ਦੀ ਕੋਈ ਇਕੱਤਰਤਾ ਨਹੀਂ ਹੋਈ। ੧੯੮੪ ਦੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਹੋਏ ਭਾਰਤੀ ਫ਼ੌਜ ਵੱਲੋਂ ਕੀਤੇ ਹਮਲੇ ਕਾਰਨ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਨਾਲ ਉਡਾਇਆ ਗਿਆ ਤਾਂ ਸੁਤੀ ਪਈ ਕੌਮ ਨੂੰ 'ਸਰਬੱਤ ਖਾਲਸਾ' ਦੀ ਸੰਸਥਾ ਦੀ ਲੋੜ ਮਹਿਸੂਸ ਹੋਈ। ਓਦੋਂ ਖਾੜਕੂ ਜਥੇਬੰਦੀਆਂ ਦੀ ਓਟ ਵਿਚ ਮੁਖ ਤੌਰ ਤੇ ਇਕ ਸੰਪ੍ਰਦਾ ਵਲੋਂ ਹੀ 'ਸਰਬੱਤ ਖਾਲਸਾ' ਦਾ ਇਕੱਠ ਹੋਇਆ, ਪਰ ਇਸ ਇਕੱਠ ਵਿਚ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਸ਼ਾਮਲ ਨਾ ਕੀਤੇ ਜਾਣ ਕਾਰਨ, ਇਸ ਵਿਚ ਕੀਤੇ ਫ਼ੈਸਲਿਆਂ ਨੂੰ ਸਮੁੱਚੇ ਪੰਥ ਦੇ ਫ਼ੈਸਲੇ ਨਹੀਂ ਕਿਹਾ ਜਾ ਸਕਦਾ। ਖ਼ਾਸ ਕਰਕੇ ਜਦ ਕਿ ਇਸ ਵਿਚ ਲਏ ਗਏ ਕੁਝ ਫ਼ੈਸਲੇ ਤਾਂ ਬਿਲਕੁਲ ਹਾਸੋ-ਹੀਣੇ ਸਨ ਜਿਵੇਂ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦਾ ਭੰਗ ਕੀਤਾ ਜਾਣਾ। ਏਥੇ ਇਹ ਗੱਲ ਵੀ ਵਰਨਣ ਜੋਗ ਹੈ ਕਿ ਇਸ ਤੋਂ ਕੁਝ ਚਿਰ ਪਹਿਲਾਂ ਭਾਰਤ ਸਰਕਾਰ ਦੇ ਹਥ-ਠੋਕੇ ਸੰਤਾ ਸਿੰਘ ਨਿਹੰਗ ਵਲੋਂ ਵੀ ਸਰਬੱਤ ਖਾਲਸਾ ਦਾ ਢੋਂਗ ਰਚਿਆ ਗਿਆ, ਜੋ ਸਿਖ ਸਿਧਾਂਤ ਅਤੇ ਸਿਖ ਕੌਮ ਨਾਲ ਇਕ ਵਡਾ ਫ਼ਰਾਡ ਸੀ।

ਇਹਨਾਂ ਉਪ੍ਰੋਕਤ ਵਰਣਿਤ ਅਖੌਤੀ ਸਰਬੱਤ ਖਾਲਸਾ ਸੰਮੇਲਨਾਂ ਨੇ ਕਈ ਸਿਧਾਂਤਕ ਪ੍ਰਸ਼ਨ ਖੜੇ ਕਰ ਦਿਤੇ, ਜਿਵੇਂ ਕਿ :—

(ੳ) ਮੌਜੂਦਾ ਹਾਲਾਤ ਵਿਚ ਸਰਬੱਤ ਖਾਲਸੇ ਦੀ ਸਹੀ ਪ੍ਰੀਭਾਸ਼ਾ ਕੀ ਹੈ ?

(ਅ) ਕੀ ਸਰਬੱਤ ਖ਼ਾਲਸਾ ਜ਼ਿੰਮੇਵਾਰ ਪੰਥਕ ਜਥੇਬੰਦੀਆਂ ਦੀ ਇਕੱਤਰਤਾ ਹੈ ਕਿ ਦੇਸ਼-ਵਿਦੇਸ਼ ਵਸਦੇ ਸਮੁਚੇ ਸਿਖ ਜਗਤ ਦੀ ?

(ੲ) ਸਰਬੱਤ ਖਾਲਸਾ ਬੁਲਾਉਣ ਦਾ ਅਧਿਕਾਰ ਕਿਸ ਨੂੰ ਹੈ ?

(ਸ) ਕੀ ਕੋਈ ਸਿਖ ਜਾਂ ਕੋਈ ਇਕੱਲੀ ਜਥੇਬੰਦੀ ਸਰਬੱਤ ਖਾਲਸਾ ਬੁਲਾਉਣ ਦੀ ਸਮਰੱਥ ਅਧਿਕਾਰੀ ਹੋ ਸਕਦੀ ਹੈ ?

(ਹ) ਸਰਬੱਤ ਖਾਲਸਾ ਸੰਮੇਲਨ ਵਿਚ ਨਿਰਣੇ ਲੈਣ ਦਾ ਵਿਧੀ-ਵਿਧਾਨ ਕੀ ਹੈ ?

(ਕ) ਕੀ ਸਰਬੱਤ ਖਾਲਸਾ ਸੰਮੇਲਨ ਵਿਚ ਬੋਲਣ ਦਾ ਅਧਿਕਾਰ ਹਰੇਕ ਸਿਖ ਮਾਤ੍ਰ ਨੂੰ ਹੈ ਜਾਂ ਕੇਵਲ ਜਥੇ-ਬੰਦੀਆਂ ਦੇ ਪ੍ਰਤੀਨਿਧਾਂ ਨੂੰ ?

ਕੌਮ ਉਤੇ ਆਏ ਭਾਰੀ ਸੰਕਟ ਨੇ 'ਸਰਬੱਤ ਖਾਲਸਾ' ਨੂੰ ਜਨਮ ਦਿਤਾ। ਬੰਦਾ ਸਿੰਘ ਬਹਾਦਰ ਦੀਆਂ ਮਲਾਂ ਦੇ ਪ੍ਰਤੀਕਰਮ ਵਜੋਂ ਮੁਗਲ ਸਰਕਾਰ ਨੇ ਖਾਲਸਾ ਜੀ ਨੂੰ ਖ਼ਤਮ ਕਰਨ ਦੀ ਠਾਨ ਲਈ ਹੋਈ ਸੀ। ਸਿੰਘਾਂ ਦੇ


www.AKJ.Org

ਕਤਲੇ-ਆਮ ਦਾ ਦੌਰ ਆਰੰਭ ਹੋਇਆ। ੧੭੧੬ ਤੋਂ ੧੭੩੩ ਤਕ ਇਹ ਦੌਰ ਚਲਿਆ। ਸਰਬੱਤ ਖਾਲਸਾ ਤੋਂ ਪਹਿਲਾਂ ਸ: ਕਪੂਰ ਸਿੰਘ ਨੇ ੧੭੩੩ ਵਿਚ ਸਿਖ ਫ਼ੌਜ ਨੂੰ 'ਦਲ ਖਾਲਸਾ' ਦੇ ਰੂਪ ਵਿਚ ਸੰਗਠਨ ਕੀਤਾ। ਅਤੇ ੧੭ ਸਾਲਾਂ ਵਿਚ ਬਣ ਚੁਕੀਆਂ ਮਿਸਲਾਂ ਨੂੰ ਦੋ ਭਾਗਾਂ ਵਿਚ ਵੰਡਿਆ: ਤਰੁਨਾ ਦਲ ਅਤੇ ਬੁੱਢਾ ਦਲ। ਤਰੁਨਾ ਦਲ ਵਿਚ ੫੦ ਸਾਲ ਤੋਂ ਹੇਠਾਂ ਦੀ ਉਮਰ ਦੇ ਸਿੰਘ ਹੁੰਦੇ ਸਨ। ਤਰੁਨਾ ਦਲ ਦੇ ਜ਼ਿੰਮੇ ਨੌਜਵਾਨਾਂ ਨੂੰ ਸ਼ਸਤਰ-ਟ੍ਰੇਨਿੰਗ ਦੇ ਕੇ ਤਿਆਰ ਕਰਨਾ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨੀ ਸੀ। ਜੋ ਖਾਲਸਾ ਸੱਜ ਜਾਂਦਾ, ਉਹ ਹੀ 'ਦਲ ਖ਼ਾਲਸਾ' ਦਾ ਮੈਂਬਰ ਸਮਝਿਆ ਜਾਂਦਾ। ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਵਿਚ ਇਕ ਥਾਂ ਲਿਖਿਆ ਹੈ ਕਿ ਜੇ ਕੋਈ ਸਹਿਜਧਾਰੀ ਫੌਜ ਵਿਚ ਭਰਤੀ ਹੋਣ ਲਈ ਆਉਂਦਾ ਤਾਂ ਉਸ ਨੂੰ ਦਾੜ੍ਹੀ ਕੇਸ ਰਖਣੇ ਅਤੇ ਭਰਤੀ ਹੋਣ ਤੋਂ ਪਹਿਲਾਂ ਖੰਡੇ ਦੀ ਪਾਹੁਲ ਲੈਣੀ ਲਾਜ਼ਮੀ ਹੁੰਦੀ ਸੀ।

੧੮ਵੀਂ ਸਦੀ ਦੇ ਪੰਜਾਬ ਦੀ ਕੁਲ ਵਸੋਂ ਹੈਨਰੀ ਲਾਰੰਸ ਅਨੁਸਾਰ ੭੫ ਲੱਖ ਸੀ। ਸਮਿਥ ਦਾ ਅਨੁਮਾਨ ਹੈ ਕਿ ਪੰਜਾਬ ਵਿਚ ਕੁਲ ੫੦ ਲਖ ਲੋਕ ਵਸਦੇ ਸਨ। ਲਾਰੰਸ ਦਾ ਅਨੁਮਾਨ ਹੈ ਕਿ ਸਿੱਖਾਂ ਦੀ ਕੁਲ ਗਿਣਤੀ ੮ ਲਖ ਦੇ ਲੱਗ ਪਗ ਸੀ। ਜੱਟ ਜ਼ਿਮੀਦਾਰਾ ਦੀ ਬਹੁ-ਗਿਣਤੀ ਸੀ। ਦਲ ਖਾਲਸਾ ਦਾ ਗਠਨ, ਜਿਸ ਤਰ੍ਹਾਂ ਏ.ਸੀ. ਬੈਨਰਜੀ ਅਤੇ ਹਰੀਰਾਮ ਗੁਪਤਾ ਦੀ ਰਾਏ ਹੈ, ਖ਼ਾਲਸਾ ਰਾਜ ਕਾਇਮ ਕਰਨ ਲਈ ਹੀ ਬਣਿਆ ਸੀ, ਕਿਉਂਕਿ ਮੁਗਲ ਸ਼ਾਸਨ ਕੁਰੱਪਟ ਅਤੇ ਰਾਜ-ਗਦੀ ਲਈ ਨਿਕੰਮੇ ਵਾਰਸਾਂ ਕਾਰਨ ਦਿਨੋ ਦਿਨ ਕਮਜ਼ੋਰ ਹੋ ਚੁਕਾ ਸੀ ਅਤੇ ਖਾਲਸਾ ਅਣਖ ਨਾਲ ਜੀਊਣਾ ਲੋੜਦਾ ਹੈ। ਇਹ ਸਭ ਕੁਝ ਖਾਲਸਾ ਰਾਜ ਦੇ ਕਾਇਮ ਹੋਣ ਨਾਲ ਸੰਭਵ ਸੀ। ਰਾਜ ਕਰਨ ਦਾ ਸੁਆਦ ਬੰਦਾ ਸਿੰਘ ਬਹਾਦਰ ਵੱਲੋਂ ਪ੍ਰਾਪਤ ਕੀਤੀਆਂ ਜਿੱਤਾਂ ਨੇ ੧੭੧੦-੧੭੧੬ ਵਿਚਕਾਰ ਚਖਾ ਹੀ ਦਿਤਾ ਸੀ।

**ਬਣਤਰ ਅਤੇ ਗਠਨ—**

ਸਰਬੱਤ ਖਾਲਸੇ ਦੀ ਬਣਤਰ ਦੇ ਨਿਯਮ ਲਗ ਪਗ ਉਹੀ ਸਨ ਜਿਹੜੇ ਮਿਸਲਾਂ ਦੀ ਬਣਤਰ ਦੇ। ਕਨਿੰਘਮ ਆਪਣੀ ਪੁਸਤਕ History of the Sikhs ਵਿਚ ਮਿਸਲਾਂ ਦੀ ਬਣਤਰ ਦੇ ਕੁਝ ਆਧਾਰ ਦਸਦਾ ਹੈ।

**ਧਾਰਮਕ ਮਹੰਤਵਾਦੀ ਗਣਤੰਤਰ**

(ੳ) ਧਾਰਮਕ ਇਸ ਲਈ ਕਿਉਂਕਿ ਇਹਨਾਂ ਦਾ ਇਕੋ ਰੱਬ ਤੇ ਨਿਸਚਾ ਸੀ। ਇਕੋ ਗੁਰੂ ਕੇ ਸਿੱਖ ਸਨ।

(ਅ) ਸਰਬੱਤ ਖਾਲਸਾ ਮਿਸਲਾਂ ਦੇ ਸਮੂਹ ਨੂੰ ਕਹਿੰਦੇ ਹਨ। ਇਸ ਲਈ ਗਣਤੰਤਰੀ ਹੈ।

(ੲ) ਮਹੰਤਵਾਦੀ ਇਸ ਕਰਕੇ, ਕਿਉਂਕਿ ਮਿਸਲਾਂ ਦੇ ਸਰਦਾਰ ਆਮ ਤੌਰ ਤੇ ਵੱਡੇ ਵੱਡੇ ਜ਼ਿਮੀਦਾਰ ਹੁੰਦੇ ਸਨ, ਜਿਨ੍ਹਾਂ ਦੇ ਅਗੋਂ ਮੁਜ਼ਾਰੇ ਅਤੇ ਕਾਮੇ ਹੁੰਦੇ ਸਨ।

ਇਬਸਟਨ ਦਾ ਵਿਚਾਰ ਹੈ ਮਿਸਲਾਂ ਧਾਰਮਕ, ਲੋਕਤੰਤਰੀ, ਪਰ ਨਿਰਾਕੁੰਸ਼ ਸਨ। ਇਸ ਵਿਚ ਸ਼ਕ ਨਹੀਂ ਕਿ ਲੋਕਤੰਤਰੀ ਅਤੇ ਨਿਰਾਕੁੰਸ਼ ਦੋਵੇਂ ਸ੍ਵੈ-ਵਿਰੋਧੀ ਸਿਧਾਂਤ ਹਨ। ਪਰ ਲੋਕਤੰਤਰ ਤੋਂ ਉਸ ਦਾ ਭਾਵ ਹੈ ਕਿ ਮਿਸਲਾਂ ਵਿਚ ਸ਼ਾਮਲ ਗੁਰਸਿੱਖਾਂ ਵਿਚ ਖਾਲਸਈ ਸਮਾਨਤਾ ਦਾ ਪੂਰਾ ਧਿਆਨ ਰਖਿਆ ਜਾਂਦਾ ਸੀ। ਸਰਬੱਤ ਖਾਲਸਾ ਵਿਚ ਭੀ ਸ਼ਾਮਲ ਸਾਰੇ ਮਿਸਲਦਾਰ ਬਰਾਬਰੀ ਦੇ ਆਧਾਰ ਤੇ ਸ਼ਾਮਲ ਹੁੰਦੇ ਸਨ। ਕੋਈ ਵੱਡਾ ਜਾਂ ਛੋਟਾ ਨਹੀਂ ਸੀ ਮੰਨਿਆ ਜਾਂਦਾ। ਹਾਂ, ਮਿਸਲਾਂ ਵਿਚ ਤਾਂ ਮਿਸਲ ਦੇ ਸਰਦਾਰ ਦਾ ਨਿਰਾਕੁੰਸ਼ ਹੁਕਮ ਚਲਦਾ ਹੀ ਸੀ, ਕਿਉਂਕਿ ਇਸ ਨਾਲ ਹੀ ਜਥੇਬੰਦੀ ਵਿਚ ਡਸਿਪਲਿਨ (ਜ਼ਬਤ) ਕਾਇਮ ਕੀਤਾ ਜਾ ਸਕਦਾ ਸੀ।

ਸਰਬੱਤ ਖਾਲਸਾ ਦੇ ਸੰਗਠਨ ਸੰਬੰਧੀ ਇਕ ਦੋ ਗੱਲਾਂ ਨੋਟ ਕਰਨ ਵਾਲੀਆਂ ਹਨ: ਕਿ ਇਹ ਸੰਕਟ ਕਾਲ ਦੀ ਉਪਜ ਹੈ। ਇਸ ਲਈ ਸਾਹਮਣੇ ਦੁਸ਼ਮਨ ਦਾ ਮੁਕਾਬਲਾ ਕਰਨ ਲਈ ਇਸ ਜਥੇਬੰਦੀ ਵਿਚ ਏਕਤਾ ਦੀ ਸੁਰ ਕਾਫੀ ਉਚੀ ਸੀ। 'ਜਮਾਤ ਵਿਚ ਕਰਾਮਾਤ ਹੈ' ਦੀ ਕਹਾਵਤ ਅਨੁਸਾਰ ਸਰਬੱਤ ਖਾਲਸੇ ਦੇ ਮਿਲ ਕੇ ਚਲਣ ਅਤੇ ਵਿਉਂਤ-ਬੱਧ ਤਰੀਕੇ ਨਾਲ ਦੁਸ਼ਮਣ ਦਾ ਟਾਕਰਾ ਕਰਨ ਸਦਕਾ ਖਾਲਸਾ ਰਾਜ ਕਾਇਮ ਹੋਇਆ। ਪਰ ਜਿਸ ਵੇਲੇ ਦੁਸ਼ਮਨ ਖ਼ਤਮ ਹੋ ਗਿਆ, ਸਰਬੱਤ ਖਾਲਸੇ ਦੇ ਸੰਗਠਨ ਵਿਚ ਤ੍ਰੇੜਾਂ ਪੈਣੀਆਂ ਸ਼ੁਰੂ ਹ

ਗਈਆਂ । ਹੌਲੀ ਹੌਲੀ ਮਿਸਲਾਂ ਦਾ ਭੋਗ ਪੈਂਦਾ ਗਿਆ । ਉਨ੍ਹਾਂ ਦੇ ਸਰਦਾਰ ਅਤੇ ਜੋਧੇ ਜੰਗਾਂ ਜੁਧਾਂ ਵਿਚ ਖ਼ਤਮ ਹੁੰਦੇ ਗਏ । ਸਭ ਤੋਂ ਵੱਧ ਸ਼ਕਤੀਸ਼ਾਲੀ ਮਿਸਲ ਕੇਵਲ ਰਣਜੀਤ ਸਿੰਘ ਦੀ ਰਹਿ ਗਈ, ਜਿਸ ਦੀਆਂ ਨੀਤੀਆਂ ਨੇ ਬਾਕੀ ਮਿਸਲਾਂ ਨੂੰ ਖ਼ਤਮ ਕਰ ਕੇ ਪੰਜਾਬ ਵਿਚ ਖਾਲਸਾ ਰਾਜ ਕਾਇਮ ਕੀਤਾ, ਜੋ ਅੰਦਰਗਤੀ ਰਣਜੀਤ ਸਿੰਘ ਅਤੇ ਉਸਦੇ ਪਰਿਵਾਰ ਦਾ ਹੀ ਰਾਜ ਹੋ ਨਿਬੜਿਆ ।

ਦੂਜੀ ਗੱਲ ਵੇਖਣ ਵਾਲੀ ਇਹ ਹੈ ਕਿ ਸਰਬੱਤ ਖ਼ਾਲਸਾ ਜਾਂ ਮਿਸਲਾਂ ਵਿਚ ਉਹੀ ਲੋਕ ਭਰਤੀ ਹੋਏ, ਜੋ ਆਮ ਤੌਰ ਤੇ ਕਿਰਸਾਨੀ ਕਿੱਤੇ ਨਾਲ ਸੰਬੰਧਤ ਸਨ । ਸ਼ਹਿਰਾਂ ਦਾ ਵਪਾਰੀ ਵਰਗ ਇਨ੍ਹਾਂ ਵਿਚ ਘੱਟ ਹੀ ਰਲਿਆ । ਜਿਵੇਂ ਏ.ਸੀ. ਬੈਨਰਜੀ ਨੇ ਕਿਹਾ ਹੈ ਕਿ ਕਿਰਸਾਣੀ ਵਰਗ ਸਿੱਖ ਸਿਧਾਂਤਾਂ ਵਿਚ ਅਜੇ ਪੂਰੀ ਤਰ੍ਹਾਂ ਸਿਖਿਅਤ ਨਹੀਂ ਸੀ ਹੋਇਆ, ਜਿਸ ਕਰਕੇ ੧੮ਵੀਂ ਅਤੇ ੧੯ਵੀਂ ਸਦੀ ਵਿਚ ਖਾਲਸਾ ਬਿਪਰਨ ਕੀ ਰੀਤ ਵੱਲ ਤੁਰ ਪਿਆ ਸੀ । ਜੱਟ ਭਾਪੇ ਦਾ ਵਿਤਕਰਾ ਉਦੋਂ ਤੋਂ ਹੀ ਚਲਿਆ ਲਗਦਾ ਹੈ । ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਦੇ ਵਿਆਹ ਅਤੇ ਹੋਰ ਸੰਸਕਾਰ ਬ੍ਰਹਮਣੀ ਰੀਤੀ ਅਨੁਸਾਰ ਹੋਏ । ਕੁਝ ਕੁ ਰਾਣੀਆਂ ਭੀ ਰਣਜੀਤ ਸਿੰਘ ਦੀ ਚਿਖਾ ਵਿਚ ਸੜ ਕੇ ਸਤੀ ਹੋ ਗਈਆਂ । ਜ਼ਾਤ ਪਾਤ ਦਾ ਮੁੜ ਕੇ ਬੋਲ-ਬਾਲਾ ਸ਼ਹਿਰੀ ਸਿੱਖਾਂ ਵਿਚ ਜ਼ਿਆਦਾ ਹੋ ਗਿਆ ਸੀ ।

ਸਰਬੱਤ ਖਾਲਸਾ ਸਿਖ ਮਿਸਲਾਂ ਦਾ ਇਕ ਆਰਜ਼ੀ ਜਿਹਾ ਥੋੜ-ਚਿਰਾ ਇਕੱਠ ਹੁੰਦਾ ਸੀ, ਜਿਸ ਨੂੰ ਖ਼ਾਲਸੇ ਦੀ ਪਾਰਲੀਮੈਂਟ ਕਿਹਾ ਜਾ ਸਕਦਾ ਹੈ, ਜਿਸ ਦੀ ਇਕੱਤਰਤਾ ਸਾਲ ਵਿਚ ਦੋ ਵਾਰ ਵੈਸਾਖੀ ਅਤੇ ਦੀਵਾਲੀ ਦੇ ਮੌਕੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੁੰਦੀ ਸੀ, ਅਤੇ ਇਸ ਵਿਚ ਮਤੇ ਸਰਬ-ਸੰਮਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਪਰਵਾਨ ਕੀਤੇ ਜਾਣ ਕਰਕੇ ਸਭ ਲਈ ਲਾਜ਼ਮੀ ਹੁੰਦੇ ਸਨ । ਸਰਬੱਤ ਖਾਲਸੇ ਦੀ ਬਣਤਰ ਦਾ ਅੰਦਾਜ਼ਾ ਮਿਸਲ ਦੀ ਬਣਤਰ ਤੋਂ ਲਗ਼ ਸਕਦਾ ਹੈ । ਇਨ੍ਹਾਂ ਦੀ ਬਣਤਰ ਬਾਰੇ ਕੁਝ ਅੰਗਰੇਜ਼ ਲਿਖਾਰੀਆਂ ਨੇ ਸੰਕੇਤ ਦਿੱਤੇ ਹੋਏ ਹਨ । ਜਿਵੇਂ ਮੇਜਰ ਐਚ. ਐਮ. ਲਾਰੰਸ, ਜੋ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਵੱਲੋਂ ਪੰਜਾਬ ਵਿਚ ਪੋਲੀਟੀਕਲ ਏਜੰਟ ਸੀ, ਲਿਖਦਾ ਹੈ ਕਿ ਸਮਾਨਤਾ ਦੇ ਆਧਾਰ ਤੇ ਘੋੜ-ਸਵਾਰ ਮਿਸਲ ਵਿਚ ਭਰਤੀ ਹੁੰਦੇ ਸਨ । ਜੇ ਉਹ ਆਪਣੇ ਮਿਸਲਦਾਰ ਤੋਂ ਖੁਸ਼ ਨਹੀਂ ਹੁੰਦੇ ਸਨ ਤਾਂ ਉਹ ਇਸ ਮਿਸਲ ਨੂੰ ਛੱਡ ਕੇ ਦੂਜੀ ਕਿਸੇ ਮਿਸਲ ਵਿਚ ਜਾ ਸਕਦੇ ਸਨ । ਇਸੇ ਤਰ੍ਹਾਂ ਬੈਰਨ ਚਾਰਲਸ ਹਿਊਗਲ ਨੇ ਰੀਕਾਰਡ ਕੀਤੈ, ਹਰ ਸਵਾਰ ਨੂੰ ਆਪਣੀ ਮਿਸਲ ਜਾਂ ਦਲ ਖਾਲਸਾ ਵਿਚ ਸਿਆਸੀ, ਧਾਰਮਿਕ ਅਤੇ ਸਮਾਜਿਕ ਸਮਾਨਤਾ ਪ੍ਰਾਪਤ ਸੀ । ਘੋੜ-ਸਵਾਰ ਹੀ ਕਈ ਵਾਰੀ ਆਪਣੀ ਮਿਸਲ ਦੇ ਸਰਦਾਰ ਨੂੰ ਸਰਦਾਰੀ ਬਖ਼ਸ਼ਦੇ । (ਹਰੀ ਰਾਮ ਗੁਪਤਾ, ਜਿਲਦ ੪, ਪੰਨਾ ੩੫੧)

ਇਉਂ ਸਰਬੱਤ ਖਾਲਸਾ ਦੀ ਇਕੱਤਰਤਾ ਵਿਚ ਭੀ ਪ੍ਰਸਪਰ ਸਨਮਾਨ ਅਤੇ ਸਮਾਨਤਾ ਹੀ ਆਧਾਰ ਸੀ, ਚਾਹੇ ਕੋਈ ਮਿਸਲ ਵੱਡੀ ਹੈ ਜਾਂ ਛੋਟੀ ਹੈ । ਇਨ੍ਹਾਂ ਵਿਚ ਲੋਕ-ਤੰਤਰੀ ਤਤਾਂ ਦੀ ਝਲਕ ਇਸ ਗੱਲ ਤੋਂ ਭੀ ਮਿਲਦੀ ਹੈ ਕਿ ਮਿਸਲ ਦੇ ਮੁਖੀ ਮਿਸਲ ਦੇ ਘੋੜ-ਸਵਾਰਾਂ ਦੁਆਰਾ ਚੁਣਿਆ ਜਾਂਦਾ ਸੀ । ਰੰਗ, ਸਮਾਨਤਾ ਅਤੇ ਊਚ ਨੀਚ ਦੇ ਵਿਚਾਰ ਤੋਂ ਉਪਰ ਉੱਠ ਕੇ ਸਭ ਦਾ ਸਨਮਾਨ ਹੁੰਦਾ, ਕਿਉਂਕਿ ਸਾਰੇ ਅੰਮ੍ਰਿਤਧਾਰੀ ਸਿੰਘ ਹੁੰਦੇ ਸਨ । ਗੁਰਸਿੱਖਾਂ ਵਾਲਾ ਪ੍ਰਸਪਰ ਪਿਆਰ ਕਾਇਮ ਸੀ ।

ਸਰਬੱਤ ਖਾਲਸਾ ਦੀ ਬਣਤਰ ਦਾ ਦੂਜਾ ਆਧਾਰ ਫੈਡਰਲ ਕਿਸਮ ਦਾ ਢਾਂਚਾ ਹੈ । ਇਸ ਦੀ ਇਕੱਤਰਤਾ ਵਿਚ ਮਿਸਲਾਂ ਦੇ ਸਰਦਾਰ ਆਪੋ ਆਪਣੇ ਇਲਾਕੇ ਦੀ ਪ੍ਰਤੀਨਿਧਤਾ ਕਰਦੇ ਹਨ । ਉਹ ਭੀ ਗੁਰਮਤੇ ਵਿਚ ਪੇਸ਼ ਹੋਏ ਮਤਿਆਂ ਉੱਤੇ ਆਪਣੇ ਵਿਚਾਰ ਦਿੰਦੇ ਹੁੰਦੇ ਸਨ । ਸਰਬ-ਸੰਮਤੀ ਵਿਚ ਹਰ ਇਕ ਮਿਸਲ ਦਾ ਸਰਦਾਰ ਸ਼ਾਮਲ ਹੁੰਦਾ ਸੀ ਅਤੇ ਇਨ੍ਹਾਂ ਗੁਰਮਤਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਉਹ ਆਪਣਾ ਧਰਮ ਸਮਝਦਾ ਸੀ । ਪਰ ਆਪਣੇ ਖੇਤਰ ਵਿਚ ਉਹ ਸੁਤੰਤਰ ਭੀ ਹੁੰਦੇ ਸੀ । ਸਰਬੱਤ ਖਾਲਸਾ ਤੋਂ ਪਹਿਲਾਂ ਜਦੋਂ ਨਵਾਬ ਕਪੂਰ ਸਿੰਘ ਨੇ ੧੭੩੩ ਵਿਚ ਸਮੁਚੀ ਸਿੱਖ ਫੌਜ ਨੂੰ 'ਦਲ ਖਾਲਸਾ' ਦੇ ਰੂਪ ਵਿਚ ਸੰਗਠਤ ਕੀਤਾ ਸੀ ਤਾਂ

ਸਿੱਖ ਇਤਿਹਾਸ ਵਿਚ ਇਹ ਇਕ ਬੜੀ ਮਹੱਤਵਪੂਰਨ ਘਟਨਾ ਸੀ, ਕਿਉਂਕਿ ਦਲ ਖਾਲਸਾ ਅਗੋਂ ਚਲ ਕੇ ਇਕ ਬੜੀ ਸ਼ਕਤੀਸ਼ਾਲੀ ਧਿਰ ਹੋ ਨਿਤਰੀ, ਜਿਸ ਨੂੰ ਮੁਗਲਾਂ ਅਤੇ ਅਬਦਾਲੀ ਹਮਲਾਆਵਰਾਂ ਨੂੰ ਤੀਜੀ ਧਿਰ ਵਜੋਂ ਤਸਲੀਮ ਕਰਨਾ ਪਿਆ। ਮਰਹੱਟੇ ਤਾਂ ਪਾਨੀਪਤ ਵਿਚ ਹਾਰ ਖਾ ਕੇ ਦੱਖਣ ਵੱਲ ਚਲੇ ਗਏ ਸਨ।

ਸ: ਕਰਮ ਸਿੰਘ ਹਿਸਟੋਰੀਅਨ ਨੇ ਪੁਸਤਕ ਬੰਦਾ ਬਹਾਦਰ ਪੰਨਾ ੯ ਉਤੇ ਠੀਕ ਹੀ ਲਿਖਿਆ ਹੈ ਕਿ ਦਲ ਖ਼ਾਲਸਾ ਦੇ ਫ਼ੌਜੀ ਅਤੇ ਸਰਦਾਰ ਗਰੀਬ ਘਰਾਣਿਆਂ ਵਿਚੋਂ ਖੇਤੀ ਕਰਨ ਵਾਲੇ ਜ਼ਿਮੀਦਾਰ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਹਾਲਾਤ ਮੁਜਬ ਬਹੁਤ ਵੱਡਾ ਕੰਮ ਕੀਤਾ। ਅਸੀਂ ਉਨ੍ਹਾਂ ਤੋਂ ਇਹ ਆਸ ਨਹੀਂ ਰਖ ਸਕਦੇ ਕਿ ਉਹ ਆਪਣਾ ਸੰਵਿਧਾਨ ਬਣਾਉਂਦੇ। ਉਹਨਾਂ ਨੇ ਇਕ ਸਾਦਾ ਜਿਹਾ ਸਿਸਟਮ ਆਪ ਹੀ ਬਣਾ ਲਿਆ, ਜਿਸ ਨੂੰ ਉਹਨਾਂ ਸਰਬੱਤ ਖਾਲਸੇ ਦਾ ਨਾਮ ਦਿੱਤਾ। ਹਾਂ ਜੇ ਕਰ ਅੱਜ ਦੇ ਸਮੇਂ ਸਰਬੱਤ ਖਾਲਸਾ ਮੁੜ ਕੇ ਸੁਰਜੀਤ ਕਰਨਾ ਪਿਆ ਤਾਂ ਇਤਿਹਾਸ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਾਥੋਂ ਇਹ ਆਸ ਜ਼ਰੂਰ ਕਰਨਗੀਆਂ ਕਿ ਮਾਡਰਨ ਸਿੱਖ ਤਾਂ ਪੜ੍ਹੇ ਲਿਖੇ ਸਨ, ਉਨ੍ਹਾਂ ਨੂੰ ਲੋੜੀਂਦਾ ਸੰਵਿਧਾਨ ਜ਼ਰੂਰ ਬਣਾਉਣਾ ਚਾਹੀਦਾ ਸੀ। ਜੇ ਅਸੀਂ ਕੋਈ ਸੰਵਿਧਾਨ ਤੋਂ ਬਿਨਾ ਸਰਬੱਤ ਖਾਲਸਾ ਬਣਾਇਆ ਤਦ ਉਹ ਨਿਸ਼ਚੇ ਹੀ ਸਫਲ ਨਹੀਂ ਹੋ ਸਕੇਗਾ।

ਸਰਬੱਤ ਖਾਲਸਾ ਦੀ ਬਣਤਰ ਨੂੰ ਜਿੱਥੇ ਸਾਂਝੇ ਦੁਸ਼ਮਣ ਦੇ ਖ਼ਤਰੇ ਨੇ ਪ੍ਰਸਪਰ ਇਤਫ਼ਾਕ ਬਖ਼ਸ਼ਿਆ ਉਥੇ ਇਕ ਹੋਰ ਜਜ਼ਬੇ ਨੇ ਕੌਮ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖੀ। ਇਹ ਜਜ਼ਬਾ ਗੁਰੂ ਦੇ ਪਿਆਰ ਅਤੇ ਭੈ-ਭਾਵਨੀ ਵਿਚੋਂ ਪੈਦਾ ਹੋਇਆ ਸੀ। ਗੁਰੂ ਦੇ ਪੰਥ ਨੂੰ ਉਹਨਾਂ ਅੰਦਰ ਸਦਾ ਚੜ੍ਹਦੀਆਂ ਕਲਾ ਵਿਚ ਰੱਖਣ ਦਾ ਅਤੇ ਵੇਖਣ ਦਾ ਚਾਉ ਸੀ। ਗੁਰੂ ਤੋਂ ਨਿਛਾਵਰ ਹੋਣ ਦਾ, ਗੁਰੂ ਦੇ ਪੰਥ ਤੋਂ ਕੁਰਬਾਨ ਹੋਣ ਦਾ ਜੋ ਜੱਜ਼ਬਾ ੧੮ਵੀਂ ਸਦੀ ਦੇ ਸਰਬੱਤ ਖਾਲਸੇ ਵਿਚ ਸੀ, ਉਹ ਆਪਣੀ ਮਿਸਾਲ ਆਪ ਹੀ ਸੀ। ਅੰਗਰੇਜ਼ ਅਤੇ ਮੁਸਲਮਾਨ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਅੰਕਤ ਕੀਤਾ ਹੈ ਕਿ ਖਾਲਸਾ ਫੌਜਾਂ ਦੀ ਭਾਵੇਂ ਗਿਣਤੀ ਥੋੜੀ ਹੁੰਦੀ ਸੀ, ਪਰ ਇਹਨਾਂ ਨੇ ਜਿਵੇਂ ਵੱਡੇ ਵੱਡੇ ਲਸ਼ਕਰਾਂ ਦਾ ਤਕੜਾ ਮੁਕਾਬਲਾ ਕਰ ਕੇ ਖਾਲਸਾ ਰਾਜ ਸਥਾਪਤ ਕੀਤਾ, ਇਹ ਅੱਜ ਸਾਨੂੰ ਅਤੇ ਹਰੀ ਰਾਮ ਗੁਪਤਾ ਵਰਗੇ ਇਤਿਹਾਸਕਾਰਾਂ ਨੂੰ ਕਰਾਮਾਤ ਲਗਦੀ ਹੈ। ਗੁਰੂ ਦੀ ਪਰਤੱਖ ਕਲਾ ਦਾ ਕ੍ਰਿਸ਼ਮਾ ਹੈ। ਅੱਜ ਦੇ ਖਾਲਸੇ ਵਿਚ ਉਹ ਸਪਿਰਟ, ਉਹ ਕੌਮੀ ਏਕਤਾ ਲਈ ਜਜ਼ਬਾ, ਪਤਾ ਨਹੀਂ ਕਿੱਥੇ ਲੋਪ ਹੋ ਗਇਆ ਹੈ? ਇਸ ਦੀ ਥਾਂ ਸਿਆਸੀ ਚਤਰਾਈਆਂ, ਨਿੱਜੀ ਸੁਆਰਥ ਲਈ ਕੌਮ ਨਾਲ ਗ਼ਦਾਰੀ ਦਾ ਚਸਕਾ ਜਿਹਾ ਪੈ ਗਿਆ ਲਗਦੈ। ਅਸੀਂ ੧੮ਵੀਂ ਸਦੀ ਦੇ ਸਿੰਘਾਂ ਨੂੰ ਆਪਣੀਆਂ ਚਤਰਾਈਆਂ ਦੇ ਮੁਕਾਬਲੇ ਘਟੀਆ ਸਮਝਦੇ ਹੋਵੀਏ, ਪਰ ਉਨ੍ਹਾਂ ਜੋਧਿਆਂ ਨੇ ਬਿਖੜੇ ਸਮਿਆਂ ਵਿਚ ਆਪਣਾ ਅਤੇ ਕੌਮ ਦਾ ਸਿਰ ਉਚਾ ਰਖਿਆ, ਇਹ ਸਾਧਾਰਨ ਗੱਲ ਨਹੀਂ। ਇਕ ਦਹਾਕਾ ਪਹਿਲਾਂ ੧੯੮੨ ਵਿਚ ੨੦ਵੀਂ ਸਦੀ ਦੇ ਸਿੰਘਾਂ ਨੇ ਭੀ ਧਰਮ-ਯੁੱਧ ਮੋਰਚਾ ਅਰੰਭਿਆ ਸੀ। ਲੋੜੀਂਦੇ ਕੌਮੀ ਜਜ਼ਬੇ ਦੀ ਅਣਹੋਂਦ ਨੇ ਪੰਥ ਨੂੰ ਟੋਟੇ ਟੋਟੇ ਕਰ ਕੇ ਰੱਖ ਦਿੱਤਾ। ਕੌਮ ਦਾ ਸਿਰ ਸਾਰੇ ਸੰਸਾਰ ਵਿਚ ਨੀਵਾਂ ਹੋਇਆ। ਸ਼ਹੀਦੀਆਂ ਭੀ ਵਿਅਰਥ ਗਈਆਂ। ਡਰ ਲਗਦੈ ਕਹਿੰਦਿਆਂ, ਜੇ ਅੱਜ ਅਸੀਂ ਮੁੜ ਕੇ ਸਰਬੱਤ ਖਾਲਸਾ ਉਜਾਗਰ ਕਰਨ ਦਾ ਫੈਸਲਾ ਭੀ ਕਰ ਲਈਏ, ਸਿਵਾਏ ਜੱਗ-ਹਸਾਈ ਦੇ ਕੋਈ ਪ੍ਰਾਪਤੀ ਹੋਣੀ ਸੰਭਵ ਨਹੀਂ ਲਗਦੀ। ਇਤਨੀ ਮਾਰ ਖਾ ਕੇ ਭੀ ਸਾਡੇ ਕਿਤਨੇਂ ਧੜੇ ਬਣੇ ਹੋਏ ਹਨ? ਏਕਤਾ ਦੀ ਗੱਲ ਤੋਰ ਕੇ ਵੇਖ ਲਉ, ਨਿੱਜੀ ਸੁਆਰਥ ਛੱਡਣ ਨੂੰ ਕੋਈ ਤਿਆਰ ਨਹੀਂ।

ਡਾ: ਗੁਪਾਲ ਸਿੰਘ ਆਪਣੀ ਪੁਸਤਕ 'ਦੀ ਹਿਸਟਰੀ ਆਫ਼ ਦੀ ਸਿੱਖ ਪਿਉਪਲ ੧੪੬੯-੧੯੭੮' ਵਿਚ ਪੰਨਾ ੩੮੫-੮੬ ਤੇ ਲਿਖਦਾ ਹੈ, ਸਮੁਚੇ ੧੨ ਮਿਸਲਾਂ ਦੇ ਸਿਰ ਤੇ ਦਲ ਖਾਲਸਾ ਦਾ ਜਥੇਦਾਰ ਹੁੰਦਾ। ਉਹ ਹੀ ਗੁਰੀਲਾ ਖਾਲਸਾ ਸਰਕਾਰ ਦਾ ਮੁਖੀ ਹੁੰਦਾ ਸੀ, ਅਤੇ ਉਹ ਧਾਰਮਕ ਮਸਲਿਆਂ ਦੀ ਅਗਵਾਈ ਦੇਣ ਲਈ ਭੀ ਮੁਖੀ ਸੀ। ਇਹ ਉਸਦਾ ਫ਼ਰਜ਼ ਹੁੰਦਾ ਸੀ ਕਿ ਉਹ ਸਰਬੱਤ ਖਾਲਸਾ ਦੀਆਂ ਫ਼ੌਜਾਂ ਵਿਚ ਸਿੱਖ ਰਹਿਤ ਮਰਯਾਦਾ ਤੇ ਪਹਿਰਾ ਦੇਵੇ, ਅਤੇ ਸਿੱਖ ਧਰਮ ਦੇ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦੇਵੇ। ਮਿਸਲਾਂ ਦੇ ਜੋ


www.AKJ.Org

ਜੱਥੇਦਾਰ ਕਿਸੇ ਕਿਸਮ ਦੀ ਧਾਰਮਕਿ ਅਸੂਲਾਂ ਦੀ ਉਲੰਘਣਾ ਕਰਦੇ, ਉਹਨਾਂ ਤੋਂ ਸਰਬੱਤ ਖਾਲਸੇ ਦੀਆਂ ਇਕੱਤਰਤਾਵਾਂ ਵਿੱਚ ਪੁੱਛ ਪੜਤਾਲ ਕਰ ਕੇ ਤਨਖਾਹ ਲਗਾਈ ਜਾਂਦੀ। ਇੰਜ ਸਮੁਚੀ ਕੌਮ ਦਾ ਇਕ ਆਗੂ ਹੁੰਦਾ ਸੀ। ਸਾਡੇ ਸਾਹਮਣੇ ਨਵਾਬ ਕਪੂਰ ਸਿੰਘ ਅਤੇ ਸ: ਜੱਸਾ ਸਿੰਘ ਆਹਲੂਵਾਲੀਆ ਦੀਆਂ ਸ਼ਾਨਦਾਰ ਰਵਾਇਤਾਂ ਹਨ। ਕਿਸੇ ਸੰਸਥਾ ਦੀ ਬਣਤਰ ਅਤੇ ਸੰਗਠਨ, ਉਸ ਦੇ ਆਸ਼ੇ ਮਨੋਰਥ ਦਰਸਾਏ ਬਿਨਾਂ ਉੱਕਾ ਬੇਅਰਥ ਜਿਹੇ ਲਗਦੇ ਹਨ। ਗੁਰਮਤਿ ਸਿਧਾਂਤਾਂ ਦੀ ਸੇਧ ਸਾਡੀ ਬਜ਼ੁਰਗ ਲੀਡਰਸ਼ਿਪ ਦੇ ਸਾਹਮਣੇ ਸੀ। ਸਰਬੱਤ ਖਾਲਸਾ ਭਾਵੇਂ ਖਾਲਸਾ ਪੰਥ ਦੀ ਪਾਰਲੀਮੈਂਟ ਸੀ, ਪਰ ਉਹਨਾਂ ਨੇ ਜੋ ਗੁਰਮਤੇ ਕੀਤੇ ਉਹਨਾਂ ਵਿਚੋਂ ਸਰਬੱਤ ਦੇ ਭਲੇ ਦੀ ਝਲਕ ਭੀ ਮਿਲਦੀ ਹੈ, ਜਿਸ ਵਿਚ ਸਮੁੱਚਾ ਸਿੱਖ ਸਮਾਜ ਅਤੇ ਨਾਨ-ਸਿੱਖ ਸਮਾਜ ਭੀ ਆ ਜਾਂਦਾ ਹੈ। ਮਿਸਾਲ ਵਜੋਂ ਸਿੱਖ ਮਿਸਲਾਂ ਨੇ 'ਰਾਖੀ-ਸਿਸਟਮ' ਲਾਗੂ ਕਰ ਕੇ, ਜ਼ਾਤ ਧਰਮ ਦੇ ਵਖਰੇਵੇਂ ਤੋਂ ਉਪਰ ਉੱਠ ਕੇ, ਆਪਣੇ ਇਲਾਕੇ ਵਿੱਚ ਇਕ ਪ੍ਰਕਾਰ ਦੀ ਸਮਾਨਾਂਤਰ ਸਰਕਾਰ ਕਾਇਮ ਕਰ ਕੇ, ਆਪਣੇ ਇਲਾਕੇ ਦੀ ਸਰਬੱਤ ਮਨੁਖਤਾ ਦੀ ਅਬਦਾਲੀ ਅਤੇ ਮੁਗਲਾਂ ਦੇ ਨਿੱਤ ਦੇ ਅਤਿਆਚਾਰਾਂ ਤੋਂ ਰਾਖੀ ਕੀਤੀ। ਸਰਬੱਤ ਖਾਲਸੇ ਦੇ ਇਕ ਇਕੱਠ ਵਿਚ ਇਕ ਬ੍ਰਾਹਮਣ ਜਦੋਂ ਫਰਿਆਦ ਲੈ ਕੇ ਪੁਜਾ ਤਾਂ ਭੰਗੀ ਮਿਸਲ ਨੇ ਕਸੂਰ ਦੇ ਨਵਾਬ ਤੋਂ ਉਸਦੀ ਨਵ-ਵਿਆਹਤਾ ਪਤਨੀ ਨੂੰ ਛੁੜਾਉਣ ਦਾ ਜ਼ਿੰਮਾ ਲਿਆ ਅਤੇ ਸਿੰਘਾਂ ਨੇ ਬਿਨਾਂ ਲੰਗਰ ਛਕੇ ਦੇ ਕੂਚ ਕਰ ਦਿਤਾ ਤੇ ਕਸੂਰ ਦੇ ਨਵਾਬ ਨਾਲ ਦੋ ਹੱਥ ਕਰਕੇ ਬ੍ਰਾਹਮਣੀ ਨੂੰ ਉਸਦੇ ਹਰਮ ਵਿਚੋਂ ਸੁਰੱਖਿਅਤ ਵਾਪਸ ਲਿਆ ਕੇ ਉਸਦੇ ਪਤੀ ਨੂੰ ਸੌਂਪੀ। ਇਸੇ ਤਰ੍ਹਾਂ ੧੭੫੭ ਵਿਚ ਅਬਦਾਲੀ ਦੇ ਇਕ ਹਮਲੇ ਸਮੇਂ ਸਿੱਖਾਂ ਨੇ ੩੦ ਹਜ਼ਾਰ ਹਿੰਦੂ ਮੁਸਲਿਮ ਔਰਤਾਂ ਨੂੰ ਅਬਦਾਲੀ ਦੇ ਕਾਫਲੇ ਤੋਂ ਛੁਡਾ ਕੇ ਘਰੋ ਘਰੀ ਪੁਚਾਇਆ, ਭਾਵੇਂ ਇੰਜ ਕਰਨ ਵਿੱਚ ਉਹਨਾਂ ਨੂੰ ਅਬਦਾਲੀ ਦੇ ਗੁੱਸੇ ਦਾ ੧੭੬੨ ਵਿਚ ਵੱਡੇ ਘਲੂਘਾਰੇ ਦਾ ਸ਼ਿਕਾਰ ਹੋਣਾ ਪਿਆ ਇਥੋਂ 'ਸਰਬੱਤ ਖਾਲਸਾ' ਦੇ ਸਰਬੱਤ ਦੇ ਭਲੇ ਦੀ ਸਪਿਰਟ ਦੇ ਦਰਸ਼ਨ ਹੁੰਦੇ ਹਨ।

[ਬਾਕੀ ਲੇਖ ਆਉਂਦੇ 'ਸੂਰਾ' ਵਿਚ

---

# ਓ ਖਾਲਸਿਆ ਦਸਮੇਸ਼ ਦਿਆ !

[ਸ੍ਰੀਮਤੀ ਬੀਬੀ ਜਸਪਾਲ ਕੌਰ, ਨਕੋਦਰ (ਜਲੰਧਰ)]

ਓ ਖਾਲਸਿਆ ਦਸਮੇਸ਼ ਦਿਆ,
ਤੈਨੂੰ ਮੇਰਾ ਪ੍ਰਣਾਮ।
ਦੇਸ਼ ਦਾ ਤੂੰ ਹੈਂ ਗੌਰਵ,
ਸਿੱਖੀ ਗੁਲਦਸਤੇ ਦੀ ਤੂੰ ਸ਼ਾਨ।
ਮਾਨਵਤਾ ਦਾ ਤੂੰ ਮੁਰੀਦ,
ਦੇਵੇਂ ਸ਼ਾਂਤੀ ਦਾ ਪੈਗਾਮ।
ਦੁਨੀਆ ਤੈਨੂੰ ਹੈ ਸਿਜਦਾ ਕਰਦੀ,
ਦੁਸ਼ਮਣ ਨੱਸੇ ਸੁਣ ਕੇ ਤੇਰਾ ਨਾਮ।
ਓ ਕਿਸਮਤ ਦੇ ਸਿਰਜਣਹਾਰੇ,
ਤੂੰ ਕੀ ਜਾਣੇਂ ਹੱਥਾਂ ਦੀਆਂ ਲਕੀਰਾਂ ਨੂੰ।
ਅਣਖ ਤੇ ਮਾਣ ਦਾ ਤੂੰ ਜੀਣਾ ਸਿਖਿਆ,
ਤੋੜ ਗੁਲਾਮੀ ਦੀਆਂ ਜੰਜ਼ੀਰਾਂ ਨੂੰ।
ਸਮੇਂ ਦੀ ਮੰਗ ਜਿਉਂ ਜਿਉਂ ਆਵੇ,
ਬੰਨ੍ਹ ਕੱਫਨ ਤੂੰ ਮੈਦਾਨ ਕੁੱਦ ਆਵੇਂ।
ਤੇਰੀ ਵੀਰਤਾ ਦੀਆਂ ਗਾਥਾਵਾਂ
ਮੁੜ ਮੁੜ ਇਤਿਹਾਸ ਪਿਆ ਦੁਹਰਾਵੇ।

ਮੌਤ ਦਾ ਤੂੰ ਸਦਾ ਮਜ਼ਾਕ ਉਡਾਇਆ,
ਜਾਣਦਾ ਹੈ ਕੁਲ ਜਹਾਨ।
ਕਾਇਰਤਾ ਦਾ ਹੈ ਤੇਰੇ ਦੀਨ ਵਿਚ,
ਨਾ ਕੋਈ ਨਾਮ ਨਿਸ਼ਾਨ।
ਸਹਿ ਕੇ ਝੱਖੜ ਮੁਸੀਬਤਾਂ ਦੇ ਵੀ,
ਹਿੱਕ ਤਾਣ ਕੇ ਰਿਹਾ ਖੜਿਆ।
ਦਸਮੇਸ਼ ਗੁਰੂ ਦੀ ਆਨ ਹੈਂ ਤੂੰ,
ਸਵਾ ਲੱਖ ਨਾਲ ਇਕ ਲੜਿਆ।
ਅਬਦਾਲੀ ਆਵੇ ਜਾਂ ਨਾਦਰ ਆਵੇ,
ਤੇਰੇ ਕੋਲੋਂ ਨਾ ਕੋਈ ਬਚ ਕੇ ਜਾਵੇ।
ਕਦੇ ਦੀਪ ਸਿੰਘ ਬਣ ਕੇ ਤੂੰ,
ਬਿਨ ਸੀਸੋਂ ਦੁਸ਼ਮਣ ਮਾਰ ਮੁਕਾਵੇਂ।
ਕਦੇ ਸ਼ੇਰੇ ਪੰਜਾਬ ਬਣ ਕੇ ਤੂੰ,
ਖਾਲਸਈ ਝੰਡਾ ਝੁਲਾਵੇਂ।
ਕਦੇ ਹਰੀ ਸਿੰਘ ਬਣ ਕੇ ਤੇ;
ਵੈਰੀਆਂ ਉਤੇ ਛਾ ਜਾਵੇਂ।

www.AKJ.Org

# ਸਿਮਰਨ ਦੇ ਵਿਚ ਮਹਾਂ ਅਨੰਦ

[ਸ: ਅਤਰ ਸਿੰਘ 'ਨੀਰ', 95-ਸੀਤਲ ਅਪਾਰਟਮੈਂਟ, ਸੈਕਟਰ 14, ਰੋਹਣੀ, ਦਿਲੀ-85]

ਭਰਮ ਹਨੇਰੇ ਅੰਧ ਵਿਸ਼ਵਾਸ,
ਮਨ ਚੋਂ ਕੱਢਣ ਦੇ ਲਈ ਖਾਸ।

ਸਭ ਨੂੰ ਕੀਤਾ ਹੈ ਫੁਰਮਾਨ,
ਸਤਿਗੁਰ ਨਾਨਕ ਜੀ ਮਹਾਨ।

ਜਪਦੇ ਵਾਹਿਗੁਰੂ ਜੀ ਦਾ ਜਾਪ,
ਕਿਰਤ ਕਰੋ ਸਦਾ ਹੀ ਆਪ।

ਜੋੜ ਕੇ ਰੂਚੀ ਅੰਦਰ ਸੱਚ,
ਜੀਵਨ ਜੀਵੋ ਸਦਾ ਸੁਅੱਛ।

ਦੂਜਿਆਂ ਦਾ ਨਹੀਂ ਖਾਣਾ ਹੱਕ,
ਛਲ ਕਪਟ ਦੇ ਨਾਲ ਨਾ-ਹੱਕ।

ਸਿਦਕ ਦੇ ਅੰਦਰ ਹੋ ਸਰਸ਼ਾਰ,
ਨਾਮ ਜਪੋ ਸਦ ਨਾਲ ਪਿਆਰ।

ਸਿਮਰਨ ਦੇ ਵਿਚ ਮਹਾਂ ਅਨੰਦ,
ਰਮਿਆ ਰਾਮ ਮਿਲੇ ਬਖਸ਼ੰਦ।

ਨੇਕ ਭਾਵਨਾ ਸ਼ੁਭ ਵਿਚਾਰ,
ਸੁਖ ਸਦੀਵੀ ਦਾ ਆਧਾਰ।

ਸਾਦਗੀ ਪਿਆਰ ਸਚਾਈ ਨਾਮ,
ਦੇਵਣ ਖੇੜਾ ਸੁਬਹ ਸ਼ਾਮ।

ਦੀਨ ਦੁਖੀਂ ਦਾ ਤੱਕ ਕੇ ਹਾਲ,
ਮਨ ਦੇ ਅੰਦਰ ਰਖੋ ਖ਼ਿਆਲ।

ਸਭ ਦਾਨਾਂ ਤੋਂ ਉੱਚਾ ਦਾਨ,
ਜੀਵਨ ਜੀਣਾ ਲੋਕਾਂ ਕਾਣ।

ਲੋੜਵੰਦਾਂ ਦੀ ਪੂਰੋ ਲੋੜ,
ਦੂਰ ਕਰੋ ਔਕੜ ਤ ਥੋੜ।

ਸੱਚੀ ਸੁਚੀ ਕਿਰਤ ਦੇ ਨਾਲ,
ਰਵ੍ਹੇ ਮਨ ਸਦਾ ਖੁਸ਼ਹਾਲ।

ਕਿਰਤੀ ਦੇ ਮਨ ਵਿਚ ਵਿਸ਼ਵਾਸ,
ਭਰਦਾ ਰਹੇ ਉਤਸ਼ਾਹ ਹੁਲਾਸ।

ਕਿਰਤੀ ਦੇ ਮਨ ਅੰਦਰ ਬਲ,
ਉਗਮੇ ਜਿਉਂ ਸਾਗਰ 'ਚ ਛਲ।

ਸੁਖ ਚੈਨ ਦੀ ਮਿੱਠੀ ਰੋ
ਦੇਹੀ ਵਿਚ ਸਿੰਜਰੇ ਖੁਸ਼ਬੋ।

ਅੰਮ੍ਰਿਤ ਵਾਂਗੂ ਅੰਦਰ ਅੰਦਰ,
ਸਹਜ ਰਸ ਵਿਚ ਮਨ ਦੇ ਮੰਦਰ।

ਦੇਂਦਾ ਰਵ੍ਹੇ ਸਦਾ ਸਰੂਰ,
ਹੋਣ ਬਲਾਈਆਂ ਸਭ ਹੀ ਦੂਰ।

ਹਰ ਧਰਮ ਦਾ ਹਰ ਅਨੁਆਈ,
ਲੋਭ ਲਾਲਚ ਨੂੰ ਕਹੇ ਬੁਰਿਆਈ।

ਸਚ ਅਮਲ ਦੀ ਜ਼ਿੰਦਗੀ ਨਾਲ,
ਜੀਵਨ ਉੱਚਾ ਹੋਏ ਵਿਸ਼ਾਲ।

ਇਹੋ ਜਿਹਾਂ ਦਾ ਆਦਰ ਮਾਨ,
ਨਾਲ ਇਜ਼ਤ ਦੇ ਕਰੇ ਜਹਾਨ।

ਸੁਰਗ ਨਾ ਮਿਲਦਾ ਗੱਲਾਂ ਨਾਲ,
ਸਚੇ ਸੁਚੇ ਅਮਲ ਅਮਾਲ।

ਜੀਵਨ ਦੇ ਵਿਚ ਭਰਦੇ ਰੰਗ,
ਸੋਚ ਸਮਝ ਦਾ ਬਦਲਣ ਢੰਗ।

ਵੰਡ ਛਕਣਾ ਤੇ ਜਪਣਾ ਜਾਪ,
ਬਖਸ਼ਸ਼ਾਂ ਲਿਆਵਣ ਰੱਬੀ ਆਪ!

ਸੁਰਤਿ ਸ਼ਬਦ ਸੰਗ ਸਿਦਕ ਦੇ ਜੋੜ,
ਮਨ ਦੇ ਤਾਈਂ ਰੱਖਣਾ ਹੋੜ।

ਸੁਖ ਸ਼ਾਂਤੀ ਤੇ ਪ੍ਰਭੂ ਪਿਆਰ,
ਅੰਦਰ ਰਖੇ 'ਨੀਰ' ਸ਼ਿੰਗਾਰ।



www.AKJ.Org

## ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਗੁਰਬਖਸ਼ ਕੌਰ ਨੋਟਿੰਘਮ ਯੂ.ਕੇ. | ੮੦੦-੦੦ | ਭਾਈ ਮਲਕੀਤ ਸਿੰਘ ਸਲੋਅ ਯੂ.ਕੇ. | ੨੧੧੦-੦੦ |
| ਸ: ਸੁਰਿੰਦਰਪਾਲ ਸਿੰਘ ਅਹਿਮਦਗੜ੍ਹ | ੫੧-੦੦ | ਭਾਈ ਹਰਪ੍ਰੀਤ ਸਿੰਘ ਨਵੀਂ ਦਿਲੀ | ੧੫੦-੦੦ |
| ਗੁਪਤ ਸੇਵਾ ੧੦੦੦-੦੦ ਗੁਪਤ | ੪੦੦-੦੦ | ਭਾਈ ਗੁਰਚਰਨ ਸਿੰਘ ਵਾਰਾਨਸੀ | ੩੦੦-੦੦ |
| ਬੀਬੀ ਜਸਬੀਰ ਕੌਰ ਬੱਗਾ ਲੁਧਿਆਣਾ | ੧੦੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਗੁਪਤ ਸੇਵਾ | ੫੦੦੦-੦੦ | ਡਾ: ਮਹਿੰਦਰ ਸਿੰਘ ਅੰਮ੍ਰਿਤਸਰ | ੧੦੦੦-੦੦ |
| ਸਾਧ ਸੰਗਤ ਸਲੋਅ ਯੂ.ਕੇ. | ੫੭੦੦੮-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਸ: ਅਮਰੀਕ ਸਿੰਘ ਗੋਬਿੰਦਗੜ੍ਹ | ੫੦੦-੦੦ | ਸ: ਪਰਦੰਮਨ ਸਿੰਘ ਜਲੰਧਰ | ੨੦੦-੦੦ |

## ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸ. ਗੁਰਦਿਤ ਸਿੰਘ ਪਿਤਾ ਸ: ਦਲਬੀਰ ਸਿੰਘ—ਪੁਤਰ ਦੇ ਅਪ੍ਰੇਸ਼ਨ ਲਈ | ੫੦੦੦-੦੦ |
| ਸ: ਲਖਵਿੰਦਰ ਸਿੰਘ ਅੰਮ੍ਰਿਤਸਰ—ਕੇਸ ਦੀ ਪੈਰਵੀ ਲਈ | ੫੦੦੦-੦੦ |
| ਬੀ: ਬਲਵਿੰਦਰ ਕੌਰ ਪਤਨੀ ਭਾ: ਜਸਵੰਤ ਸਿੰਘ ਭੋਰਛੀ ਰਾਜਪੂਤਾਂ--ਬਚਿਆਂ ਦੀ ਪੜ੍ਹਾਈ ਲਈ | ੫੦੦੦-੦੦ |
| ਬੀ: ਅਮਰ ਕੌਰ ਮਾਤਾ ਭਾ: ਮਹਿੰਦਰ ਸਿੰਘ ਪਸਵਾਲ—ਰਹਿਣ ਲਈ ਕੋਈ ਥਾਂ ਨਹੀਂ | ੫੦੦੦-੦੦ |
| ਬੀਬੀ ਸਵਰਨ ਕੌਰ ਹਬੀਬ ਪੁਰਾ ਅੰਮ੍ਰਿਤਸਰ—ਇਲਾਜ ਲਈ | ੧੦੦-੦੦ |
| ਸਰਦਾਰਨੀ ਅਮਰ ਕੌਰ ਮਦਰਾਸੀ ਪਰਵਾਰ ਸਹਾਇਤਾ, ਜੁਲਾਈ, ਅਗਸਤ, ਸਤੰਬਰ | ੩੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁੱਜੀ ਸਹਾਇਤਾ

| | | | |
|---|---|---|---|
| ਸੇਵਾਦਾਰ ਗੁਰਦਵਾਰਾ ਸਿੰਘ ਸਭਾ ਜੋਧਪੁਰ | ੧੦੦-੦੦ | ਸ: ਹਰਬੰਸ ਸਿੰਘ (ਨਾਰੰਗਵਾਲ) ਯੂ.ਕੇ. | ੪੯੭੮-੦੦ |
| ਬੀਬੀ ਬਲਜੀਤ ਕੌਰ ਯੂ.ਕੇ. | ੮੫੦-੦੦ | ਸ: ਅਵਤਾਰ ਸਿੰਘ ਗਿਲ ੯੯ A.P.O. | ੧੦੦-੦੦ |
| ਬੀਬੀ ਗੁਰਬਖਸ਼ ਕੌਰ ਯੂ.ਕੇ. | ੨੨੦-੦੦ | ਭਾ: ਸੋਹਨ ਸਿੰਘ ਅੰਮ੍ਰਿਤਸਰ | ੨੫੦-੦੦ |
| ਬੀਬੀ ਦਰਸ਼ਨ ਕੌਰ ਯੂ.ਕੇ. | ੪੦੦-੦੦ | ਭਾ: ਦੁਰਲਭ ਸਿੰਘ ਯੂ.ਐਸ.ਏ. | ੧੦,੦੦੦-੦੦ |
| ਗੁਪਤ ਸੇਵਾ | ੧੦੦੦-੦੦ | ਬੀਬੀ ਜਸਬੀਰ ਕੌਰ ਬੱਗਾ ਹਲਵਾਰਾ | ੧੦੦-੦੦ |
| ਗੁਪਤ ਸੇਵਾ | ੧੦੦-੦੦ | ਸ: ਸੁਖਦੇਵ ਸਿੰਘ ਮੋਹਾਲੀ | ੫੦-੦੦ |
| ਬੀਬੀ ਹਰਪ੍ਰੀਤ ਕੌਰ ਅੰਮ੍ਰਿਤਸਰ | ੫੦-੦੦ | ਗੁਪਤ ਸੇਵਾ | ੪੦੦੦-੦੦ |

## ਜੈਪੁਰ (ਰਾਜਿਸਥਾਨ) ਵਿਖੇ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ

੫ ਨਵੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਤੋਂ ੮ ਕੀਰਤਨ, ੬ ਨਵੰਬਰ ਸਵੇਰੇ ੬ ਤੋਂ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਅੰਮ੍ਰਿਤ ਸੰਚਾਰ ਤੇ ੮ ਵਜੇ ਰੈਣ ਸਬਾਈ ਕੀਰਤਨ। ੭ ਨਵੰਬਰ ਸਵੇਰੇ ੫ ਵਜੇ ਸਮਾਪਤੀ। ਸਾਰੇ ਪ੍ਰੋਗਰਾਮ ਗੁਰਦੁਆਰਾ ਸਿੰਧੀ ਕਾਲੋਨੀ ਵਿਖੇ ਹੋਣਗੇ।

ਦਾਸਰੇ—ਅਖੰਡ ਕੀਰਤਨੀ ਜਥੇ ਬਰੇਲੀ, ਗੁਰਸਿਖ ਸੰਗਤ ਸਿੰਧੀ ਕਾਲੋਨੀ

## ਅਖੰਡ ਕੀਰਤਨੀ ਜਥਾ ਯੂ ਕੇ. ਵਲੋਂ ਰੈਣ ਸਬਾਈ ਕੀਰਤਨ

(1) ਮਿਤੀ 16.10.93 ਗੁ: ਸ੍ਰੀ ਗੁਰੂ ਸਿੰਘ ਸਭਾ, ਰੈਡ ਕਲਿਫ ਰੋਡ, ਹਿਚਨ, ਹਰਟਸ

ਫ਼ੋਨ ਗੁਰਦਵਾਰਾ 0462-432993, ਭਾ: ਭਗਵੰਤ ਸਿੰਘ 0462-452237

## ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (0734-267900)

Bhai Gurnam Singh, 10 Lambourne Gardens, Earley, Reading, Berk U K.

## ਸ਼ਿਕਾਗੋ ਯੂ. ਐਸ. ਏ. ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਸਾਹਿਬ ਸ਼ਿਕਾਗੋ (1280-Winnetka St. Palatine-Chicage, IL-60067) ਵਿਖੇ ਅਖੰਡ ਕੀਰਤਨੀ ਜਥਾ ਅਮਰੀਕਾ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਕੈਨੇਡਾ ਤੇ ਹੋਰ ਦੇਸ਼ਾਂ ਦੇ ਦੂਰ ਦੂਰ ਸ਼ਹਿਰਾਂ ਤੋਂ ਕੀਰਤਨੀ ਜਥੇ ਪੁਜ ਰਹੇ ਹਨ। ਹਫਤਾ ਪਹਿਲਾਂ ਇਤਲਾਹ ਪੁਜਣ ਤੇ ਲੋੜ ਅਨੁਸਾਰ ਅੰਮ੍ਰਿਤ ਸੰਚਾਰ ਵੀ ਕੀਤਾ ਜਾ ਸਕੇਗਾ। ਫ਼ੋਨ ਗੁਰਦਵਾਰਾ 708-358-1117, ਗੁ: ਪ੍ਰ: ਕਮੇਟੀ7 08-259-0109

ਰਿਲੀਜਸ ਸੈਕਟਰੀ ਕਮੇਟੀ 708-993-8420

www.AKJ.Org

## ਜਲੰਧਰ ਨਿਰੰਕਾਰੀ ਸਾਲਾਨਾ ਅਖੰਡ ਕੀਰਤਨ ਸਮਾਗਮ ੨੭ ਤੋਂ ੩੦ ਨਵੰਬਰ

ਨਵੇਂ ਅਸਥਾਨ ਦੁਆਬਾ ਖਾਲਸਾ ਮਾਡਲ ਸਕੂਲ (ਨੇੜੇ ਜਨਰਲ ਬਸ ਸਟੈਂਡ) ਵਿਖੇ—ਵੇਰਵਾ ਆਉਂਦੇ ਸੂਰਾ ਵਿਚ

# ਦਿੱਲੀ ਦਾ ਅਖੰਡ ਕੀਰਤਨ ਸਮਾਗਮ ੨੦ ਤੋਂ ੨੪ ਅਕਤੂਬਰ

| | ਸਵੇਰੇ ਅਰੰਭ ੫ ਵਜੇ | ਸ਼ਾਮ ੭ ਤੋਂ ੯ |
|---|---|---|
| ੨੦.੧੦.੯੩ ਬੁਧਵਾਰ | ——— | ਗੁ: ਸ੍ਰੀ ਗੁਰੂ ਸਿੰਘ ਸਭਾ, ਕਰੋਲ ਬਾਗ |
| ੨੧.੧੦.੯੩ | ਗੁਰਦੁਆਰਾ ਸੀਸ ਗੰਜ ਸਾਹਿਬ | ਗੁਰਦੁਆਰਾ ਬੰਗਲਾ ਸਾਹਿਬ |
| ੨੨.੧੦.੯੩ | ਗੁਰਦੁਆਰਾ ਬੰਗਲਾ ਸਾਹਿਬ | ,, ,, ,, |
| ੨੩.੧੦.੯੩ | ਗੁਰਦੁਆਰਾ ਬੰਗਲਾ ਸਾਹਿਬ | ਰੈਣ ਸਬਾਈ ਕੀਰਤਨ ੮ ਵਜੇ ਅਰੰਭ ਗੁ: ਰਕਾਬ ਗੰਜ ਸਾਹਿਬ |

ਅੰਮ੍ਰਿਤ-ਸੰਚਾਰ—੨੩ ਅਕਤੂਬਰ ਸ਼ਾਮ ੬ ਵਜੇ ਗੁ: ਰਕਾਰ ਗੰਜ ਸਾਹਿਬ (੨੪.੧੦.੯੩ ਸਵੇਰੇ ੬ ਵਜੇ ਸਮਾਪਤੀ)
ਰਿਹਾਇਸ਼ ਤੇ ਲੰਗਰ—ਗੁਰੂ ਤੇਗ ਬਹਾਦਰ ਖਾਲਸਾ ਸਕੂਲ ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ ਵਿਖੇ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨ ਜਥਾ, ਦਿੱਲੀ

## ਸ੍ਰੀ ਅੰਮ੍ਰਿਤਸਰ ਵਿਖੇ ਬਾਊ ਮੱਲ ਸਿੰਘ ਜੀ ਦੀ ਸਲਾਨਾ ਯਾਦ ਵਿਚ ਗੁਰਮਤਿ ਸਮਾਗਮ

ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਕੋਠੀ ਕਰਨਲ ਕੁਲਵੰਤ ਸਿੰਘ, ੪੦-ਰਾਣੀ ਕਾ ਬਾਗ ਅੰਮ੍ਰਿਤਸਰ ਵਿਚ ੧੫ ਅਕਤੂਬਰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਹੋਣਗੇ ਅਤੇ ੧੭ ਅਕਤੂਬਰ ਸਵੇਰੇ ਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅੰਮ੍ਰਿਤ-ਕੀਰਤਨ ਹੋਣਗੇ।

## ਮੋਗੇ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੧੯ ਤੋਂ ੨੧ ਨਵੰਬਰ, ਵੇਰਵਾ ਆਉਂਦੇ ਸੂਰਾ ਵਿਚ

ਬੰਗਾ ਗੁਰਦੁਆਰਾ ਪਾ: ੬ ਵਿਖੇ ਰੈਣ ਸਬਾਈ ਕੀਰਤਨ ੯ ਅਕਤੂਬਰ
ਗੁ: ਫ਼ਤਹਗੜ੍ਹ ਸਾਹਿਬ (ਸਰਹੰਦ) ਵਿਖੇ ਰੈਣ ਸਬਾਈ ਕੀਰਤਨ ੯ ਅਕਤੂਬਰ
ਭਾਗੋਵਾਲ (ਬਟਾਲਾ) ਭਾ: ਸੁਖਰਾਜ ਸਿੰਘ, ਰੈਣ ਸਬਾਈ ਕੀਰਤਨ ੯ ਅਕਤੂਬਰ
ਮਾਸਕ ਰੈਣ ਸਬਾਈ ਕੀਰਤਨ ਗੁਰਦੁਆਰਾ ਘੁਮਾਣ (ਸੁਧਾਰ-ਲੁਧਿਆਣਾ) ਵਿਚ ੯ ਅਕਤੂਬਰ
ਅੰਬਾਲਾ ਸ਼ਹਿਰ, ਗੁ: ਬੇਗਮਪੁਰਾ (ਨੇੜੇ ਸਬਜ਼ੀ ਮੰਡੀ) ਵਿਖੇ ਰੈਣ ਸਬਾਈ ਕੀਰਤਨ ੯ ਅਕਤੂਬਰ
ਲਤੀਫ਼ਪੁਰ (ਮੁਕੇਰੀਆਂ) ਗੁ: ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ ੯ ਅਕਤੂਬਰ
ਢੁਡੀਆਂ ਵਾਲਾ (ਕਪੂਰਥਲਾ) ਗਿ: ਹਰਬੰਸ ਸਿੰਘ, ਭੋਗ ਅਖੰਡਪਾਠ ਉਪ੍ਰੰਤ ਦੁਪਹਿਰ ਤਕ ੧੦ ਅਕਤੂ:
ਦਿਆਲਪੁਰ ਗੁ: ਰਾਮਗੜ੍ਹੀਆਂ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ ੧੬ ਅਕਤੂਬਰ

## ਸੰਜੌਲੀ (ਸ਼ਿਮਲਾ ੬) ਸੀਤਲ ਸੋਪਿੰਗ ਕੰਪਲੈਕਸ ਵਿਖੇ ਅਖੰਡ ਪਾਠ ਤੇ ਕੀਰਤਨ

੧੫ ਅਕਤੂਬਰ ਸਵੇਰੇ ਆਸਾ ਦੀ ਵਾਰ ਗੁ: ਸਿੰਘ ਸਭਾ ਸ਼ਿਮਲਾ, ਸ਼ਾਮ ਕੀਰਤਨ ਗੁਰਦੁਆਰਾ ਸੰਜੋਲੀ ਵਿਖੇ, ੧੬ ਸਵੇਰ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਰਾਤ ਰੈਣ ਸਬਾਈ ਕੀਰਤਨ।

ਘਨੌਰ (ਪਟਿਆਲਾ) ਭਾ: ਪਿਆਰਾਸਿੰਘ, ਭੋਗ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ ੧੭ ਅਕ:
ਨਾਰੰਗਵਾਲ (ਲੁਧਿਆਣਾ) ਅਕਾਲੀ ਗੁਰਦਵਾਰਾ ਬਾ: ਨਰੈਣ ਸਿੰਘ ਦੀ ਯਾਦ, ਰੈਣ ਸਬਾਈ ੨੩ ਅਕ:
ਬਰਨਾਲਾ ਗੁ: ਸਿੰਘ ਸਭਾ ਵਿਖੇ ਸਵੇਰੇ ਅਖੰਡ ਕੀਰਤਨ, ਰਾਤ ਰੈਣ ਸਬਾਈ ੩੦ ਅਕਤੂਬਰ
ਚਾਹਲ (ਟਾਂਡਾ) ਗ੍ਰਹਿ ਭਾ: ਪ੍ਰਿਥੀਪਾਲ ਸਿੰਘ, ਰੈਣ ਸਬਾਈ ਕੀਰਤਨ ੩੦ ਅਕਤੂਬਰ
ਮੁਕਤਸਰ, ਗੁਰਦੁਆਰਾ ਤੰਬੂ ਸਾਹਿਬ ਵਿਖੇ ਕੀਰਤਨ ਰੈਣ ਸਬਾਈ ੬ ਨਵੰਬਰ
ਸਨੌਰ (ਪਟਿਆਲਾ) ਗੁ: ਅਕਾਲ ਗੜ੍ਹ ਸਾਹਿਬ, ਕੀਰਤਨ ਰੈਣ ਸਬਾਈ ੬ ਨਵੰਬਰ
ਯਮਨਾ ਨਗਰ, ੬੨-ਈਸਟ ਭਾਟੀਆ ਨਗਰ, ਭੋਗ ਅਖੰਡਪਾਠ, ਦੁਪਹਿਰ ਤਕ ਕੀਰਤਨ ੭ ਨਵੰਬਰ

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ :
ਸੂਰਾ ਮੰਥਲੀ, ੩੯੦ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ–143006

www.AKJ.Org